# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR

## ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ

ਜੂਨ ੧੯੭੭

June 1977



ਸ੍ਰੀ ਅੰਮ੍ਰਿਤਸਰ ਦਾ ਚਾਰ ਸੌ ਸਾਲਾ ਸਥਾਪਨਾ ਦਿਵਸ
ਜੂਨ ਦੀ ਥਾਂ ਅਕਤੂਬਰ ੧੯੭੭ ਵਿਚ ਮਨਾਇਆ ਜਾ ਰਿਹਾ ਹੈ ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ (ਮਿਤੀ ੧੭-੧੦--੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ | ਆਸਾ ਮਹਲਾ ੫ | ੧ |
| ਖ਼ਾਲਸੇ ਦੀ ਨਿਰਲੇਪਤਾ ਤੇ ਨਿਰਾਲੀ ਰਹਿਣੀ | ਭਾ: ਸਾ: ਰਣਧੀਰ ਸਿੰਘ ਜੀ | ੨ |
| ਬਾਣੀ ਗੁਰੂ ਗੁਰੂ ਹੈ ਬਾਣੀ | — — — | ੫ |
| ਸ੍ਰੀ ਗੁਰੂ ਅਰਜਨ ਦੇਵ ਜੀ—ਸ਼ਖ਼ਸੀਅਤ ਤੇ ਸ਼ਹਾਦਤ | ਜੇ. ਪੀ. ਸੰਗਤ ਸਿੰਘ ਜੀ | ੬ |
| ਜਾਪੁ ਸਾਹਿਬ—ਕਾਵਿ ਅਨੁਵਾਦ | ,, ,, | ੧੦ |
| ਜਗ - ਰਚਨਾ | ਭਾਈ ਜੋਗਿੰਦਰ ਸਿੰਘ ਜੀ | ੧੩ |
| ਬਿਰਹਾ | ਗਿ: ਗੋਪਾਲ ਸਿੰਘ ਜੀ ਮਿਤਰ | ੧੪ |
| ਰਾਮਦਾਸ ਪੁਰ ( ਕਵਿਤਾ ) | ,, ,, | ੧੫ |
| ਪਰਮਾਤਮਾ ਦੀ ਖੋਜ | ਭਾਈ ਰਾਮ ਚੰਦ ਜੀ ਭਾਟਆਣੀ | ੧੬ |
| ਮਾਸਾਹਾਰ ਬਾਰੇ ਡਾਕਟਰੀ ਵਿਚਾਰ | ਡਾ: ਉਤਮ ਸਿੰਘ ਜੀ ਨਵੀਂ ਦਿਲੀ | ੧੯ |
| ਇਹ ਅੰਡੇ ਮਾਰੂ ਜ਼ਹਿਰਾਂ ਦੇ ਭਰੇ ਹੋਏ ਹਨ | ਜੇ. ਪੀ. ਸੰਗਤ ਸਿੰਘ ਜੀ | ੨੧ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ | ਭਾ: ਸਾ: ਡਾਕਟਰ ਵੀਰ ਸਿੰਘ ਜੀ | ੨੩ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ | ,, ,, ,, | ੨੫ |
| ਪਾਵਨ ਬੀੜਾਂ ਦੀ ਛਪਾਈ | ਸ: ਮੋਹਨ ਸਿੰਘ ਜੀ ਮੁਜ਼ੱਫ਼ਰਪੁਰ | ੨੮ |
| ਸ਼ਬਦ-ਗੁਰੂ | ਭਾਈ ਜੋਗਿੰਦਰ ਸਿੰਘ ਜੀ | ੩੩ |
| ਗੁਰੁ ਅਰਜੁਨ ਪਰਤਖ ਹਰਿ (ਕਵਿਤਾ) | ਸ: ਵਿਧਾਤਾ ਸਿੰਘ ਜੀ ਤੀਰ | ੩੭ |
| ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ (ਕਵਿਤਾ) | ਸ· ਦੇਵਾ ਸਿੰਘ ਜੀ ਕਿਰਤੀ | ੩੮ |
| ਮਨ ਨੂੰ ( ਕਵਿਤਾ ) | ਸ: ਪਰਮਵੀਰ ਸਿੰਘ ਜੀ ਨਡਾਲੀ | ੩੯ |
| ਕਈ ਪਸ਼ੂ ਵੀ ਜੂਠ ਮੰਨਦੇ ਹਨ | ਸ: ਲਾਭ ਸਿੰਘ ਜੀ ਮੀਲੂ | ੩੯ |
| ਉਸ ਦੀ ਯਾਦ ਬਿਨਾਂ ਦੁਖ ਭੋਗਾਂ (ਕਵਿਤਾ) | ਸ: ਸਾਧੂ ਸਿੰਘ ਜੀ ਸੂਫ਼ੀ | ੪੦ |


ਸ੍ਰੀ ਗੁਰੂ ਹਰਿ ਗਬਿੰਦ ਸਾਹਿਬ ਅਵਤਾਰ ਧਾਰਿਆ ੨ ਜੂਨ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ


| | |
|---|---|
| ਸ: ਗੁਰਨਾਮ ਸਿੰਘ ਤੇ ਬੀਬੀ ਸੀਤਲ ਕੋਰ ਜੀ ਯੂ ਕੇ. ਵਲੋਂ ਪ੍ਰਵਾਰ ਦੀ ਦੇਹ ਅਰੋਗਤਾ ਤੇ ਚੜ੍ਹਦੀ ਕਲਾ ਲਈ | 74-30 |
| ਸ: ਅਜੀਤ ਸਿੰਘ ਜੀ ਕੈਰੋਂ ਵਲੋਂ | 5-00 |
| ਸਰਦਾਰਨੀ ਹਰਬੇਲ ਸਿੰਘ ਜੀ ਅੰਮ੍ਰਿਤਸਰ ਵਲੋਂ ਕੀਰਤਨ ਸਮਾਗਮ ਦੇ ਭੋਗ ਸਮੇਂ | 30-42 |
| ਸ: ਹਰਬੰਸ ਸਿੰਘ ਜੀ ਗੋਪਾਲ ਨਗਰ ਵਲੋਂ ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | 21-00 |
| ਸ: ਬਹਾਦਰ ਸਿੰਘ ਜੀ ਦੀ ਬਰਸੀ ਦੇ ਕੀਰਤਨ ਸਮਾਗਮ ਦੇ ਭੋਗ ਸਮੇਂ | 34-74 |

ਵਾਹਿਗੁਰੂ ਸਭ ਪਰਵਾਰਾਂ ਨੂੰ ਸਿਖੀ ਸਿਦਕ ਤੇ ਸੁੱਚਾ ਜੀਵਨ ਬਖ਼ਸਣ ।

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੬.੭੭ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫ਼ੋਨ ਨੰਬਰ 5 1 8 4 7

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





| | |
|---|---|
| ਸਾਲਾਨਾ ਚੰਦਾ | ੮-੦੦ |
| ਇਕ ਪਰਚਾ | ੦-੭੫ |
| ਪਰਦੇਸ | |
| ਸਮੁੰਦਰੀ ਡਾਕ | ੧੮-੫੦ |
| ਹਵਾਈ ਡਾਕ | |
| ਅਰਬ, ਮਲਾਇਆ | ੩੫-੦੦ |
| ਯੂ. ਕੇ., ਅਫਰੀਕਾ | ੪੫-੦੦ |
| ਕੈਨੇਡਾ, ਅਮਰੀਕਾ | ੫੫-੦੦ |



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ

ਭਾਈ ਰਾਮ ਸਿੰਘ

ਗਿ: ਜਸਵੰਤ ਸਿੰਘ

ਗਿ: ਗੁਰਬਚਨ ਸਿੰਘ

ਭਾਈ ਸੇਵਾ ਸਿੰਘ



## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੧ ਜੂਨ ੧੯੭੭ ਅੰਕ ੬


### ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ

ਪਾਵਤੁ ਰਲੀਆ ਜੋਬਨਿ ਬਲੀਆ ॥ ਨਾਮ ਬਿਨਾ ਮਾਟੀ ਸੰਗਿ ਰਲੀਆ ॥੧॥
ਕਾਨ ਕੁੰਡਲੀਆ ਬਸਤ੍ਰ ਓਢਲੀਆ ॥ ਸੇਜ ਸੁਖਲੀਆ ਮਨਿ ਗਰਬਲੀਆ ॥੧॥ਰਹਾਉ॥
ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ ॥
ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ ॥੨॥
ਰੂਪ ਸੁੰਦਰੀਆ ਅਨਿਕ ਇਸਤਰੀਆ ॥ ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ ॥੩॥
ਮਾਇਆ ਛਲੀਆ ਬਿਕਾਰ ਬਿਖਲੀਆ ॥ ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ ॥੪॥੪॥

ਆਸਾ ਮਹਲਾ ੫, ਪੰਨਾ ੩੮੫

ਪਾਵਤੁ ਰਲੀਆ = ਰਲੀਆਂ ਪਾਉਂਦਾ ਹੈ। ਜੋਬਨਿ ਬਲੀਆ = ਜੋਬਨ ਵਿਚ ਬਲ ਹੈ। ਗਰਬਲੀਆ = ਹੰਕਾਰ। ਕੁੰਚਰੀਆ = ਹਾਥੀ।


ਚਿੱਠੀ ਪੱਤਰ ਤੇ ਰਕਮ ਭੇਜਣ ਲਈ :--

ਮੈਨੇਜਰ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ


www.AKJ.Org

# ਖ਼ਾਲਸੇ ਦੀ ਨਿਰਲੇਪਤਾ ਤੇ ਨਿਰਾਲੀ ਰਹਿਣੀ

[ਵਲੋਂ :– ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਖ਼ਾਲਸਾ ਜੀ ਨੇ ਸਭ ਸੰਸਾਰੀਆਂ ਤੋਂ ਨਿਆਰੇ ਅਤੇ ਨਿਰਲੇਪ, ਜਲ ਕੰਵਲ ਵਤ ਅਲੇਪ ਰਹਿ ਕੇ ਗੁਰਮਤਿ ਧਰਮ ਦੇ ਅਸੂਲਾਂ ਉਤੇ ਚਲਣਾ ਹੈ। ਅਰਥਾਤ ਖ਼ਾਲਸਾ ਧਰਮ ਦੀਆਂ ਰਹਿਤ-ਰਹਿਣੀਆਂ ਨੂੰ ਕਮਾਵਣਾ ਹੈ ਅਤੇ ਇਹਨਾਂ ਨਿਆਰੀਆਂ ਨਿਰਲੇਪ ਕਮਾਈਆਂ ਦੁਆਰਾ ਪਹਿਲਾਂ ਆਪਣਾ ਆਪ ਪ੍ਰਬੋਧ ਕੇ ਪਾਛੈ ਅਵਰਾਂ ਨੂੰ ਰੀਝਾਵਣਾ ਹੈ। ਅਤੇ ਇਸ ਆਪ ਪ੍ਰਬੋਧਨ ਦੇ ਪ੍ਰਯਤਨ ਅੰਦਰ ਕੁਸੰਗੀਆਂ, ਕੁਮੱਤੀਆਂ, ਕੁਕਰਮੀਆਂ ਦਾ ਕੁਸੰਗ, ਕੁਮੱਤ, ਕੁਕਰਮ ਭਰਿਆ ਕੁਲੱਛਣ-ਲੇਸ ਆਪਣੇ ਆਪ ਨੂੰ ਨਾ ਲਗਣ ਦੇਣਾ, ਗੁਰਮਤਿ ਬਿਬੇਕੀ ਜਨਾਂ ਦੀ ਖ਼ਾਲਸਈ ਸੂਰਮਤਾਈ ਦਾ ਇਕ ਉਤਮ ਕਾਰਨਾਮਾ ਹੈ, ਨਾ ਕਿ ਨਫ਼ਰਤ ਦਾ ਨਮੂਨਾ ਕਾਇਮ ਕਰਨਾ। ਗੁਰਮਤਿ ਜਗਿਆਸਾ ਦੀ ਅਲ੍ਹੜ ਅਵਸਥਾ ਅੰਦਰ ਬੇਦੀਨ ਧਰਮਹੀਨ ਅਨ-ਮਤੀ ਪੁਰਸ਼ਾਂ ਦੀ ਕੁਸੰਗ ਦੋਸਤੀ ਤੋਂ ਦੂਰ ਰਹਿਣਾ, ਅਤੇ ਓਹਨਾਂ ਦੇ ਨਾਲ ਖਾਨ ਪਾਨ ਦੀ ਵਰਤੋਂ-ਵਿਹਾਰ ਤੋਂ ਬਚੇ ਬਰਜੇ ਰਹਿਣਾ, ਉਕਤ ਪੁਰਸ਼ਾਂ ਦੀ ਜ਼ਾਤ ਤੋਂ ਨਫ਼ਰਤ ਕਰਨਾ ਨਹੀਂ, ਬਲਕਿ ਉਹਨਾਂ ਦੀ ਜ਼ਾਤ ਦੇ ਅੰਦਰ, ਜ਼ਾਤੀ ਆਚਾਰ ਦੇ ਅੰਦਰ ਧਸੇ ਅਤੇ ਰਮੇ ਹੋਏ ਕ੍ਰਾਨਿਕ (chronic) ਪੁਰਾਣੇ ਰੋਗਾਂ ਦੀ ਕੁਵੈੜੀ ਤੇ ਕਸੂਤੀ ਲਾਗ ਕੁਲਾਗ ਤੋਂ ਬਚੇ ਰਹਿਣ ਦਾ ਪਰਹੇਜ਼ (ਪੱਥ) ਰਖਣਾ ਹੈ। ਜਿਨ੍ਹਾਂ ਅਭਾਗੇ ਪ੍ਰਾਣੀਆਂ ਦਾ ਮੁਢ ਕਦੀਮ ਤੋਂ ਹੀ ਸਤਿਸੰਗ ਵਿਚ ਨਿਵਾਸ ਨਹੀਂ ਹੁੰਦਾ ਅਤੇ ਬਚਪਨ ਤੋਂ ਹੀ ਜਿਨ੍ਹਾਂ ਦਾ ਭੇੜੇ ਕੁਸੰਗ ਨਾਲ ਕੁਵੈੜਾ ਵਾਹ ਪਿਆ ਰਹਿੰਦਾ ਹੈ, ਉਹ ਉਕਤ ਕ੍ਰਾਨਿਕ ਰੋਗਾਂ ਨਾਲ ਗ੍ਰਸੇ ਜਾਣ ਕਰਕੇ ਸਦਾ ਲਈ ਪੀੜਤ ਰਹਿਣ ਕਰਿ, ਅਕਸਰ ਕੂਕ ਪੁਕਾਰ ਕਰਿਆ ਕਰਦੇ ਹਨ। ਇਸ ਕਰਕੇ ਗੁਰੂ ਕਾ ਹੁਕਮ ਹੈ ਕਿ–

ਸਚੀ ਬੈਸਕ ਤਿਨ੍ਾ ਸੰਗਿ ਜਿਨ ਸੰਗਿ ਜਪੀਐ ਨਾਉ ॥ ਤਿਨ੍ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ ॥੨॥ (੧੦)

[ਗੂਜਰੀ ਵਾਰ ਮ: ੫, ਪੰਨਾ ੫੨੦

ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥ (੨)

[ਵਾਰ ਬਿਹਾਗੜਾ, ਸਲੋਕ ਮ: ੩, ਪੰਨਾ ੫੪੯

ਅਤੇ ਮਨਮੁਖ ਦਾ ਕਰਤੂਤੀ ਲੱਛਣ ਹੋਰ ਕੀ ਹੈ–

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰੁ ॥੩॥ (੭)

[ਵਾਰ ਬਿਲਾਵਲ, ਮ: ੩, ਪੰਨਾ ੮੫੨

ਅਜਿਹੇ ਮਨਮੁਖ ਸਾਕਤਾਂ ਅੰਧਰਮੀਆਂ ਬੇਦੀਨਾਂ ਦੇ ਨਾਲ ਦੋਸਤੀ ਰਖਣ ਤੋਂ ਜੋ ਗੁਰਸਿਖ ਨੂੰ ਗੁਰਮਤਿ ਬਿਬੇਕ ਸੰਦੇ ਗੁਰ-ਹੁਕਮਾਂ ਦੁਆਰਾ ਹੋੜਿਆ ਗਿਆ ਹੈ, ਇਸ ਦਾ ਭਾਵ ਇਹੀ ਹੈ ਕਿ ਉਹਨਾਂ ਦੇ ਕੁਸੰਗ ਲੱਛਣ ਦੀ ਲਾਗ (ਕੁਲਾਗ) ਵਾਲਾ ਲੇਸ (ਕੁਲੇਸ) ਨਾ ਲਗਣਾ ਪਾਵੇ। ਇਸ ਲੇਸ-ਲਾਗ ਤੋਂ ਆਪਣਾ ਆਪ ਬਚਾਵਣ ਲਈ (ਬੇਲਾਗ ਰਖਣ ਲਈ) ਕਿਸੇ ਆਨਮਤੀ ਦੇ ਸੰਗ ਕੁਸੰਗ ਤੋਂ ਬਰਜੇ ਰਹਿਣਾ, ਉਸ ਦੇ ਨਾਲ ਨਫ਼ਰਤ ਕਰਨ ਨਮਿਤ ਨਹੀਂ, ਪ੍ਰੰਤੂ ਆਪਾ ਪ੍ਰਬੋਧਣ ਨਮਿਤ ਹੈ ਅਤੇ ਐਸਾ ਕਰਨਾ ਗੁਰ-ਬਚਨਾਂ ਰੂਪੀ ਹੁਕਮਾਂ ਦੀ ਤਾਮੀਲ ਕਰਨਾ ਹੈ, ਜੋ ਕਿ ਹਰ ਇਕ ਸਚਿਆਰ ਸਿਖ ਦਾ ਫ਼ਰਜ਼ ਹੈ। **ਜਦ ਕਿ ਆਨਮਤੀਆਂ ਦੇ ਨਾਲ ਸੰਗ ਕੁਸੰਗ ਮਈ ਦੋਸਤੀ ਦਾ ਰਖਣਾ ਹੀ ਗੁਰਮਤਿ ਬਿਬੇਕ ਅਸੂਲਾਂ ਦੇ ਪ੍ਰਤਿਕੂਲ ਹੈ ਤਦ ਉਹਨਾਂ ਦੇ ਨਾਲ ਖਾਨ ਪਾਨ ਦਾ ਵਰਤੋਂ ਵਿਹਾਰ ਰਖਣਾ ਕਦ ਗੁਰਮਤਿ ਅਨਕੂਲ ਹੋ ਸਕਦਾ ਹੈ?** ਏਸ ਕਰਕੇ 'ਵੇਦੀਨਾ ਕੀ ਦੋਸਤੀ' ਦੇ ਨਾਲ ਲਗਦਾ ਹੀ 'ਵੇਦੀਨਾ ਕਾ ਖਾਣੁ' ਭੀ ਗੁਰਮਤਿ ਬਿਬਰਜਿਤ ਕਰਮ ਗਰਦਾਨਿਆ ਗਿਆ, ਕਿਉਂਕਿ ਉਕਤ ਦੋਹਾਂ ਬਿਬਰਜਿਤ ਕਰਮਾਂ ਦੇ ਕਰਨ ਕਰਿ–



www.AKJ.Org

ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥ ੧॥ (੧੪) [ਵਾਰ ਸੂਹੀ,ਸਲੋਕ ਮ: ੧,ਪੰਨਾ ੭੯੦ ਵਾਲਾ ਕਲੰਕ ਲਗਦਾ ਹੈ।

ਕਈ ਬਿਬੇਕ-ਹੀਣ ਸ਼੍ਰੇਣੀ ਦੇ ਚਗਲ-ਪੰਥੀ ਯਾ ਚਗਲ ਪੰਥੀਆਂ ਦਾ ਪੱਖ ਪੂਰਨ ਵਾਲੇ ਖਰੜ ਗਿਆਨੀ ਇਹ ਹੁੱਜਤ ਭੇੜਿਆ ਕਰਦੇ ਹਨ ਕਿ "'ਵੇਦੀਨਾ ਕਾ ਖਾਣੁ' ਦੀ ਪੰਗਤੀ ਤੋਂ ਭਾਵ ਬੇਦੀਨਾ ਦਾ ਜੂਠਾ, ਬੇਦੀਨਾਂ ਦੇ ਨਾਲ ਇਕ ਥਾਲੀ ਵਿਚ ਇਕੱਠੇ ਬਹਿ ਕੇ ਖਾਣ ਤੋਂ ਹੈ, ਨਾ ਕਿ ਉਹਨਾਂ ਦੇ ਹਥੋਂ ਲੈ ਕੇ ਖਾਣ ਤੋਂ ? ਅਰਥਾਤ ਉਹ ਕਹਿੰਦੇ ਹਨ, ਮੰਨ ਲਿਆ ਕਿ ਇਕ ਥਾਲੀ ਵਿਚ ਬਹਿ ਕੇ ਬੇਦੀਨਾਂ ਦੇ ਨਾਲ ਇਕੱਠਾ ਖਾਣਾ ਗੁਰੂ ਖ਼ਾਲਸਾ ਲਈ ਬਿਬਰ-ਜਿਤ ਹੈ, ਪ੍ਰੰਤੂ ਬੇਦੀਨਾ ਦੇ ਹਥੋਂ ਲੈ ਕੇ ਖਾਣਾ, ਅਥਵਾ ਬੇਦੀਨਾਂ ਦਾ ਬਣਾਇਆ ਹੋਇਆ ਖਾਣਾ ਖਾਣ ਵਿਚ ਕੋਈ ਹਰਜ ਨਹੀਂ।"

ਇਸ ਹੁੱਜਤ ਦਾ ਉਤਰ ਇਹ ਹੈ ਕਿ ਸਾਨੂੰ ਕੀ ਸਬੂਤ ਹੈ ਕਿ ਬੇਦੀਨਾਂ ਦਾ ਬਣਾਇਆ ਹੋਇਆ ਖਾਣਾ ਉਸ ਜੂਠ, ਅਸੁੱਚ ਅਤੇ ਅਪਵਿਤ੍ਰਤਾ ਤੋਂ ਰਹਿਤ ਹੈ ਜਿਸ ਦੇ ਕਾਰਨ ਕਿ ਆਪ ਨੇ ਉਹਨਾਂ ਦੇ ਨਾਲ ਇਕ ਥਾਲੀ ਵਿਚ ਬਹਿ ਕੇ ਇਕੱਠਾ ਨਾ ਖਾਣ ਦੀ ਸੰਕੋਚ ਨੂੰ ਮੰਨਿਆ ਹੈ। ਭਾਵ ਬੇਦੀਨਾਂ ਦੇ ਨਾਲ ਇਕੱਠਾ ਇਕ ਥਾਲੀ ਵਿਚ ਬਹਿ ਕੇ ਖਾਣਾ ਇਸ ਵਾਸਤੇ ਹੀ ਬਿਬਰਜਿਤ ਮੰਨਿਆ ਗਿਆ ਹੈ ਨਾ, ਕਿ ਬੇਦੀਨਾਂ ਦੀ ਜੂਠ ਖਾਣੀ ਪੈਂਦੀ ਹੈ ਅਤੇ ਸੁੱਚ ਪਵਿਤ੍ਰਤਾ ਤੋਂ ਰਹਿਤ ਬੇਦੀਨਾਂ ਦਾ ਖਾਣਾ ਖਾਣਾ ਨਹੀਂ ਚਾਹੀਦਾ। ਸੋ ਜੂਠ ਅਸੁੱਚ ਅਪਵਿਤ੍ਰਤਾ ਦੇ ਸਵਾਲ ਨੂੰ ਮੰਨ ਕੇ ਤਾਂ ਬੇਦੀਨਾਂ ਦੇ ਹਥੋਂ ਯਾ ਉਹਨਾਂ ਦੇ ਹੱਥਾਂ ਦਾ ਤਿਆਰ ਕੀਤਾ ਹੋਇਆ ਖਾਣਾ ਖਾਣਾ ਭੀ ਬਿਬਰਜਿਤ ਹੈ, ਕਿਉਂਕਿ ਪ੍ਰਿਥਮ ਤਾਂ ਖ਼ਾਲਸਾ ਧਰਮ ਦੇ ਧਾਰਨੀਆਂ ਅਰਥਾਤ ਖ਼ਾਲਸਾ ਪੰਥ ਤੋਂ ਛੁਟ ਸੰਸਾਰ ਭਰ ਵਿਚ ਜਿਤਨੇ ਭੀ ਆਨਮਤੀ (ਬੇਦੀਨ) ਹਨ, ਸਭ ਦੇ ਸਭ ਬਿਖਿਆ-ਪਾਨੀ ਹਨ ਅਤੇ ਬਿਖਿਆ (ਤਮਾਕੂ) ਨੂੰ ਸ੍ਰੀ ਦਸਮੇਸ਼ ਜੀ ਨੇ ਜਗਤ-ਜੂਠ ਦਸਿਆ ਹੈ, ਜਿਹਾ ਕਿ ਹਿਤ ਉਪਦੇਸ਼ ਖਾਲਸੇ ਪ੍ਰਤੀ ਰਹਿਤ-ਨਾਮੇ ਵਿਚ ਲਿਖਿਆ ਹੈ—

ਮਰਨੀ ਮਰਉ ਤਉ ਅਤਿ ਭਲਾ
ਜਗਤ ਜੂਠ ਨਹਿ ਸੰਗ ॥

ਤਾਂ ਤੇ ਜਗਤ-ਜੂਠ ਦੇ ਰਖਣ-ਹਾਰਿਆਂ ਬੇਦੀਨ ਆਨਮਤੀਆਂ ਦਾ ਤਿਆਰ ਕੀਤਾ ਹੋਇਆ ਖਾਣਾ ਖਾਣਾ, ਅਥਵਾ ਉਹਨਾਂ ਦੇ ਹਥੋਂ ਲੈ ਕੇ ਖਾਣਾ ਖਾਣਾ ਸਾਫ਼ ਜੂਠ ਖਾਣਾ ਹੈ। ਰਹਿਤਨਾਮੇ ਅੰਦਰ ਇਹ ਭੀ ਬਚਨ ਹੈ—

ਤਨਕ ਤਮਾਕੂ ਸੇਵੀਐ ਦੇਵ ਪਿਤ੍ਰ ਤਜਿ
ਜਾਇ ॥ ਪਾਨੀ ਤਿਸ ਕੇ ਹਾਥ ਕਾ ਮਦਰਾ
ਸਮ ਹੋਇ ਜਾਇ ॥

ਭਾਵ ਜੋ ਹਿੰਦੂ ਤਨਕ ਮਾਤ੍ਰ ਭੀ ਤਮਾਕੂ ਦਾ ਸੇਵਨ ਕਰਦੇ ਹਨ ਉਹਨਾਂ ਦੇ ਮਨ ਮੰਨੇ ਦੇਵਤੇ ਅਤੇ ਪਰਲੋਕ ਗਵਨੇ (ਗਮਨੇ) ਹੋਏ ਪਿਤਰ ਉਹਨਾਂ ਨੂੰ ਭ੍ਰਿਸ਼ਟ-ਕਰਮੀ ਦੇਖ ਕੇ ਤਜ ਜਾਂਦੇ ਹਨ ਅਤੇ ਅਜਿਹੇ ਭ੍ਰਿਸ਼ਟ ਕਿਰਿਆ ਵਾਲੇ ਪੁਰਸ਼ਾਂ ਦੇ ਹੱਥਾਂ ਦਾ ਪਾਣੀ ਮਦਰਾ ਦੇ ਤੁਲ ਮੰਦ ਹੋ ਜਾਂਦਾ ਹੈ। ਜੈਸੀ ਮਦਰਾ ਪੀ ਲੀਤੀ ਤੈਸੇ ਤਿਨ੍ਹਾਂ ਦੇ ਹਥਾਂ ਦਾ ਪਾਣੀ ਪੀ ਲਿਆ। ਜਦ ਬਿਖਿਆ-ਪਾਨੀ ਦੇ ਹਥ ਦਾ ਪਾਣੀ ਪੀਣਾ ਹੀ ਮਦਰਾ ਪਾਨ ਕਰਨ ਦੇ ਤੁਲ ਹੈ ਤਦ ਉਸ ਦੇ ਭ੍ਰਿਸ਼ਟ ਕਿਰਿਆ ਦਾ ਖਲ-ਚਗਲ ਕੀਤਾ ਹੋਇਆ ਖਾਣਾ ਖਾਣਾ ਮਦਰਾ ਪਾਨ ਤੋਂ ਭੀ ਟਪ ਕੇ ਬਿਖਿਆ-ਪਾਨੀ ਹੋਣ ਦੇ ਤੁੱਲ ਹੈ ਅਤੇ ਨਿਰੀ ਜੂਠ ਹੀ ਜੂਠ ਖਾਣ ਵਾਲੀ ਗੱਲ ਹੈ। ਜੇ ਕਹੋ ਕਿ ਕਈ ਅਨਮਤੀ ਭੀ ਬਿਖਿਆ-ਪਾਨੀ ਨਹੀਂ ਹੁੰਦੇ, ਇਸ ਦਾ ਉਤਰ ਇਹ ਹੈ ਕਿ ਭਾਵੇਂ ਕਿਤੇ ਕਿਤੇ ਹਜ਼ਾਰਾਂ ਵਿਚੋਂ ਇਕ ਅਜਿਹੀ ਕੋਈ ਟਾਵੀਂ ਟਾਵੀਂ ਮਿਸਾਲ ਮਿਲ ਭੀ ਜਾਵੇ ਕਿ ਕੋਈ ਅਨਮਤੀ ਬਿਖ-ਪਾਨੀ ਨਾ ਹੋਵੇ, ਪਰੰਤੂ ਅਸੀਂ ਤਾਂ ਉਸ ਦੇ ਮੱਤ ਦਾ ਅਸੂਲ ਦੇਖਣਾ ਹੈ ਕਿ ਉਸ ਦੇ ਅਸੂਲ ਅੰਦਰ, ਉਸ ਦੇ ਮੱਤ ਮਜ਼ਹਬ ਅੰਦਰ ਬਿਖ ਪਾਨੀ ਹੋਣਾ ਬਿਬਰਜਿਤ ਹੈ ਕਿ ਨਹੀਂ। ਜਦ ਅਸੀਂ ਸਾਫ਼ ਦੇਖਦੇ ਹਾਂ ਕਿ ਸਮੁਚੇ ਆਨ ਮਤ-ਮਤਾਂਤਰਾਂ ਅੰਦਰ ਬਿਖਿਆ ਦੀ ਖੁਲ੍ਹ ਖੇਡ ਹੈ ਤਦ ਸਾਫ਼ ਸਿਧ ਹੈ ਕਿ ਅਸੂਲਨ ਕਿਸੇ ਭੀ ਮੱਤ ਅੰਦਰ ਬਿਖਿਆ ਦਾ ਭਖਣ ਬਿਬਰਜਿਤ ਨਹੀਂ। ਅਤੇ ਜਿਸ



www.AKJ.Org

ਮੱਤ ਅੰਦਰ ਬਿਖਿਆ ਦੀ ਬੰਦਸ਼ ਹੀ ਕੋਈ ਨਹੀਂ ਤਾਂ ਉਸ ਮੱਤ ਵਾਲੇ ਕਿਸੇ ਆਨਮਤੀ ਦਾ ਵਿਸਾਹ ਹੀ ਕੀ ਹੈ ਕਿ ਬਿਖਿਆ ਵਰਤਣ ਤੋਂ ਬਰਜਿਆ ਰਹੇ। ਜੇ ਬਿਖਿਆ ਨਹੀਂ ਵਰਤੀ ਤਾਂ ਬਿਖਿਆ ਨਾਲ ਹੱਥ ਲਾ ਕੇ ਤਾਂ ਭ੍ਰਿਸ਼ਟ ਹੋਊ। ਅਤੇ ਖ਼ਾਲਸਾ ਜੀ ਲਈ ਹੱਥ ਲਾਉਣਾ ਤਾਂ ਕੀ, ਬਿਖਿਆ ਦਾ ਧੂੰਆਂ ਲੈਣਾ ਭੀ ਬਿਬਰਜਿਤ ਹੈ।

### *ਖਾਲਸਾ ਧਰਮ ਵਿਚ ਸੁਚਮ—*

ਜਿਨ੍ਹਾਂ ਬੇਦੀਨ ਆਨਮਤੀਆਂ ਨੂੰ ਨਾ ਬਿਖਿਆ ਦੇ ਖਾਣ ਦੀ ਆਣ ਹੈ, ਨਾ ਬਿਖਿਆ ਨੂੰ ਹੱਥ ਲਾਉਣ ਦੀ ਸੌਂਹ ਸੂਗ ਹੈ, ਉਨ੍ਹਾਂ ਉਤੇ ਪਰਤੀਤ ਵਿਸਾਹ ਹੀ ਕੀ ਹੋ ਸਕਦਾ ਹੈ ਕਿ ਬਿਖਿਆ ਨਾ ਵਰਤਦੇ ਹੋਣ। ਦੂਜੇ ਸੁੱਚ ਪਵਿਤ੍ਰਤਾ ਦਾ ਅਸੂਲ ਜੈਸੇ ਗੁਰੂ ਪੰਥ ਖ਼ਾਲਸਾ ਅੰਦਰ ਹੈ ਤੈਸਾ ਹੋਰ ਕਿਸੇ ਭੀ ਮਤ-ਮਤਾਂਤਰ ਅੰਦਰ ਨਹੀਂ ਪਾਇਆ ਜਾਂਦਾ। ਯਥਾ ਗੁਰਵਾਕ—

ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ
ਤਾ ਸਚੁ ਪਾਈਐ ॥੨॥ (੧੬)

[ਆਸਾ ਮ: ੧, ਪੰਨਾ ੪੭੨

ਸਤੁ ਸੰਤੋਖੁ ਦਇਆ ਧਰਮੁ ਸੁਚਿ, ਸੰਤਨ ਤੇ
ਇਹੁ ਮੰਤੁ ਲਈ ॥ ਕਹੁ ਨਾਨਕ ਜਿਨਿ ਮਨਹੁ
ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥
੨॥੪॥੯੦॥ [ਬਿਲਾਵਲ ਮ: ੫, ਪੰਨਾ ੮੨੨

ਆਦਿਕ ਗੁਰ-ਵਾਕਾਂ ਦੇ ਭਾਵ ਅਨੁਸਾਰ 'ਸੁੱਚ' (ਪਵਿਤ੍ਰਤਾ) ਖ਼ਾਲਸਾ ਧਰਮ-ਧਾਰਨੀ ਗੁਰਸਿਖ ਦੇ ਧਰਮ-ਅੰਗਾਂ ਵਿਚੋਂ ਇਕ ਉਤਮ ਅੰਗ ਹੈ, ਜਿਸ ਦਾ ਪਾਲਣਾ ਹਰ ਇਕ ਸੁਚਿਆਰ ਸਿੰਘ ਬਿਬੇਕੀ ਲਈ ਐਸਾ ਹੀ ਜ਼ਰੂਰੀ ਹੈ ਜੈਸਾ ਦੂਤੀ ਧਰਮ-ਅੰਗਾਂ ਸਤ ਸੰਤੋਖ ਦਇਆ ਧਰਮ ਆਦਿਕ ਦਾ ਪਾਲਣਾ ਜ਼ਰੂਰੀ ਹੈ। ਪਹਿਲੇ ਗੁਰ-ਪ੍ਰਮਾਣ ਅੰਦਰ ਤਾਂ ਸੁਚਿ (ਪਵਿਤ੍ਰਤਾ) ਨੂੰ ਐਥੋਂ ਤੀਕ ਦਰਜਾ ਦਿਤਾ ਗਿਆ ਹੈ ਕਿ ਸੱਚ-ਸੱਚਾਈ ਦੇ ਪੁੰਜ, ਭਾਵ ਮੁਜੱਸਮ ਸਚੁ ਅਕਾਲ ਪੁਰਖ ਨੂੰ ਧਿਆਵਣ ਅਤੇ ਪਾਵਣ ਲਈ ਪ੍ਰੀਤਮ-ਪ੍ਰਾਪਤੀ ਦੇ ਪ੍ਰੇਮ-ਪਾਂਧੀ, ਗੁਰ-ਦਰਸਾਈ ਗੁਰਚਾਲੀ-ਚਲਣਹਾਰੇ ਗੁਰਸਿਖ **ਮੀਤ ਨੂੰ ਸਭ ਤੋਂ ਵਧ ਕੇ ਸੁਚਿ (ਸੁਚਮਤਾਈ) ਦਾ ਧਾਰਨੀ ਹੋਣਾ ਅਵੱਸ਼ ਜ਼ਰੂਰੀ ਹੈ।** ਅਤੇ ਦੂਜੇ ਗੁਰ-ਪ੍ਰਮਾਣ ਅੰਦਰ ਜਿਸ ਸਿਖਸ਼ਾ ਰੂਪੀ ਮੰਤ੍ਰ ਦਾ ਵਰਨਣ ਹੈ ਉਸ ਸਿਖਸ਼ਾ ਮੰਤ੍ਰ ਦਾ ਇਕ ਜ਼ਰੂਰੀ ਅੰਗ 'ਸੁਚਿ' (ਸੁਚਮਤਾਈ) ਹੈ ਅਤੇ ਇਸ ਸਿਖਸ਼ਾ ਮੰਤ੍ਰ ਨੂੰ ਸਰਬ ਅੰਗਾਂ ਸਮੇਤ ਜਿਸ ਸਿਖ ਜਗਿਆਸੂ ਨੇ ਰਿਦਿਓਂ ਲਾ ਕੇ, ਭਾਵ ਮਨ ਬਚ ਕ੍ਰਮ ਕਰਕੇ ਪਛਾਣਿਆ ਹੈ, ਉਸ ਨੂੰ 'ਸਗਲੀ ਸੂਝ' ਪ੍ਰਾਪਤ ਹੋਈ ਹੈ। ਤਾਂ ਤੇ ਸੁਚਮਤਾਈ (ਸੁਚਿ) ਦਾ ਅਸੂਲ ਇਸ 'ਸਗਲੀ ਸੂਝ' ਦੀ ਪ੍ਰਾਪਤੀ ਦਾ ਸਹਾਇਕ ਹੈ। ਤਾਂ ਹੀ ਤੇ ਇਸ ਸੁਚਮਤਾਈ (ਸੁੱਚ, ਪਵਿਤ੍ਰਤਾ) ਦੇ ਧਾਰਨੀ ਸਿੰਘ ਸੱਜਨ ਦਾ ਸੁਚਮਤਾਈ ਸਹਿਤ ਸਜਾਇਆ ਹੋਇਆ, ਅਥਵਾ ਉਸ ਦੇ ਸੁਚਮ ਹੱਥਾਂ ਦਾ ਵਰਤਾਇਆ ਹੋਇਆ ਪਰਸ਼ਾਦ ਭੋਜਨ ਛਕਣਾ ਗੂੜ੍ਹ ਗੁਰਮਤਿ ਗੁਣਾਂ ਦੇ ਲਖਾਇਕ ਆਤਮ-ਫਲਾਂ ਦਾ ਪ੍ਰਾਪਤ ਕਰਾਵਨਹਾਰਾ ਹੈ। ਜੋ ਭੀ ਗੁਰੂ ਕਾ ਤਿਆਰ ਬਰਤਿਆਰ ਸਿੰਘ ਹੈ ਸੋ ਸੋਚ-ਇਸ਼ਨਾਨ ਦਾ ਨੇਮੀ ਪ੍ਰੇਮੀ ਹੋਣ ਕਰਕੇ ਸੁਚਮਤਾਈ, ਸਰੀਰਕ ਸਫ਼ਾਈ ਦਾ ਖ਼ਾਲਸ ਨਮੂਨਾ ਹੈ। ਸੁਚਮਤਾਈ-ਹੀਨ ਮਲੀਨ ਕਿਰਿਆ ਦੀ ਨਾਪਾਕੀ (ਅਸ਼ੁਧਤਾਈ) ਦਾ ਨਮੂਦ ਮਾਤਰ ਭੀ ਸੁਚਿਆਰ ਬਿਬੇਕੀ ਸਿੰਘ ਦੇ ਖਾਨ ਪਾਨ ਦੇ ਸਾਮਾਨ ਸਰਜਾਮ ਅੰਦਰ ਨਹੀਂ ਪਾਇਆ ਜਾਂਦਾ। ਅਤੇ ਜੋ ਕੁਛ ਭੀ ਖਾਨ ਪਾਨ ਦੇ ਪਦਾਰਥ ਗੁਰੂ ਕੇ ਸਿੰਘ ਸਜਾਉਂਦੇ ਹਨ, ਉਸ ਵਿਚ ਉਹਨਾਂ ਦੀ ਅਹੰਮੇਵ ਅਤੇ ਮੇਰ ਤੇਰ ਦੀ ਰਾਈ ਨਹੀਂ ਹੁੰਦੀ। ਗੁਰੂ ਨਮਿਤ ਗੱਫੇ ਸਜਾਉਂਦੇ ਹਨ ਅਤੇ ਗੱਫੇ ਸਜਾਉਂਦੇ ਹੋਏ ਗੁਰੂ ਗੁਰੂ ਉਚਾਰਨ ਕਰਦਿਆਂ ਸੁਆਸ ਸੁਆਸ ਗੁਰੂ ਨੂੰ ਧਿਆਉਂਦੇ ਗੁਰਮੰਤ੍ਰ ਦੇ ਅਭਿਆਸ ਨੂੰ ਖਿਨ ਖਿਨ ਕਮਾਉਂਦੇ ਰਹਿੰਦੇ ਹਨ। ਅਤੇ ਇਸ ਬਿਧਿ ਪੂਰਨ ਪ੍ਰੇਮ ਭਾਵਨਾ ਦੀ ਘਾਲਨਾ ਸਹਿਤ ਸਜਾਏ ਭੋਜਨ ਪਰਸ਼ਾਦ ਨੂੰ—

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ
ਸੋ ਤੇਰਾ ॥ ਤੇਰਾ ਤੁਝ ਕਉ ਸਉਪਤੇ ਕਿਆ
ਲਾਗੈ ਮੇਰਾ ॥੨੦੩॥

[ਸਲੋਕ ਕਬੀਰ ਜੀ, ਪੰਨਾ ੧੩੭੫

ਦੇ ਭਾਵ ਅਨੁਸਾਰ ਗੁਰੂ ਅਰਪਣ ਕਰਕੇ ਗੁਰੂ ਨੂੰ ਭੋਗ ਲੁਆਉਂਦੇ ਹਨ। ਅਤੇ—

ਤੂੰ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥ (੨੫)

[ਸੋਰਠਿ ਵਾਰ ਮ: ੪, ਪੰਨਾ ੬੫੨

ਦੇ ਗੁਰਵਾਕ ਅਨੁਸਾਰ ਦੇਵਣਦਾਰ ਦਾਤਾਰ ਗੁਰੂ ਦਾ

www.AKJ.Org

ਦਿੱਤਾ ਗੱਫਾ ਸਮਝ ਕੇ ਛਕਾਉਂਦੇ ਭੁੰਚਾਉਂਦੇ ਅਤੇ ਆਪਣੇ ਮੂੰਹ ਪਾਉਂਦੇ ਤੇ ਆਪਣੀ ਰਸਨਾ ਲਾਉਂਦੇ ਹਨ। ਤਾਂ ਹੀ ਤੇ ਗੁਰੂ ਕੇ ਸਿੰਘਾਂ ਦਾ ਸਜਾਇਆ ਹੋਇਆ ਭੋਜਨ ਪਰਸ਼ਾਦ, ਗੁਰੂ ਕੇ ਸਿੰਘਾਂ ਦੇ ਪਵਿਤਰ ਘਾਲ ਵਾਲੇ ਹੱਥਾਂ ਦਾ ਵਰਤਾਇਆ ਹੋਇਆ ਭੋਜਨ ਪਰਸ਼ਾਦ, ਅਤੇ ਗੁਰੂ ਕੇ ਸਿੰਘਾਂ ਦਾ ਪ੍ਰੇਮ ਭਾਵਨਾ ਸਹਿਤ ਛਕਾਇਆ ਭੁੰਚਾਇਆ ਹੋਇਆ ਭੋਜਨ ਪਰਸ਼ਾਦ, ਸਚਮੁਚ ਗੁਰ ਪਰਸ਼ਾਦ ਯਾ ਪਰਮ ਪਵਿਤਰ ਅੰਮ੍ਰਿਤ ਪਰਸ਼ਾਦ ਹੈ, ਜਿਸ ਨੂੰ ਭੁੰਚਣਹਾਰਿਆਂ (ਛਕਣਹਾਰਿਆਂ) ਦੇ ਅੰਦਰ, ਭੁੰਚਣ ਸਾਰ ਹੀ ਸਚੀ ਸੁਚਮਤਾ ਧਾ ਜਾਂਦੀ ਹੈ ਅਤੇ ਅੰਮ੍ਰਿਤ ਦੇ ਸੁਆਦਾਂ ਅਸਰਾਂ ਵਾਲੀ ਪਵਿਤ੍ਰਤਾ ਪਰਵੇਸ਼ ਕਰ ਜਾਂਦੀ ਹੈ। ਇਸ ਤੋਂ ਉਲਟ ਬਿਕਲ ਕੁਚੀਲ ਰਜ਼ੀਲ ਬਿਖ-ਲੀਪਤ ਅਜਿਹੇ ਆਨਮਤੀ ਹਨ, ਜਿਨ੍ਹਾਂ ਦੇ ਨਿਕਟ ਸੁੱਚ ਜੂਠ ਦੀ ਕੋਈ ਤਮੀਜ਼ ਨਹੀਂ, ਜੋ ਸੁੱਚ, ਸੁਚਮਤਾਈ, ਪਵਿਤ੍ਰਤਾਈ, ਪਾਕੀਜ਼ਗੀ ਨੂੰ ਜਾਣਦੇ ਹੀ ਨਹੀਂ ਕਿ ਕਿਸ ਬਲਾ ਦਾ ਨਾਉਂ ਹੈ। **ਜਿਨ੍ਹਾਂ ਦੀ ਕਿਰਿਆ ਮਲੀਨ ਹੋਣ ਕਰਕੇ ਭੋਜਨ ਸਜਾਉਣ ਸਮੇਂ ਸੁਚਮਤਾਈ, ਪਵਿਤ੍ਰਤਾਈ ਨਹੀਂ, ਤਿਨ੍ਹਾਂ ਦਾ ਬਣਾਇਆ ਹੋਇਆ ਭੋਜਨ ਭੀ ਮਲੀਨ! ਤਿਨ੍ਹਾਂ ਦੇ ਮਲੀਨ ਹੱਥੋਂ ਲੈ ਕੇ ਖਾਧਾ ਭੋਜਨ ਭੀ ਮਲੀਨ।** ਤਿਨ੍ਹਾਂ ਮਲੀਨ-ਆਚਾਰੀਆਂ ਮਲੀਨ-ਬਿਉਹਾਰੀਆਂ, ਮਲੇਛ-ਹਿਰਦਾ-ਰੀਆਂ (ਮਲੇਛ ਮਨੀਆਂ) ਦਾ ਭੋਜਨ (ਖਾਣਾ) ਖਾ ਕੇ ਖਾਵਨਹਾਰੇ ਦੇ ਮਨ ਅੰਦਰ ਪੁਰੋ ਪੁਰ ਮਲੀਨਤਾ ਹੀ ਧਾਉਂਦੀ ਹੈ। ਅਤੇ ਉਹਨਾਂ ਦੀ ਜੂਠ ਨੇ, ਜੂਠ ਭਰੇ ਹੱਥਾਂ ਨੇ, ਜੂਠ-ਮਲੀਣੇ ਖਾਣੇ ਨੇ ਜੂਠੋ ਜੂਠ ਹੀ ਵਰਤਾਉਣੀ ਹੈ। ਅਜਿਹੇ ਜੂਠ-ਪੰਥੀਆਂ ਦੇ ਪਰਥਾਇ ਹੀ ਭਾਈ ਗੁਰਦਾਸ ਜੀ ਨੇ ਉਚਾਰਿਆ ਹੈ ਕਿ—

ਜੈਨੀ ਜੂਠ ਨ ਉਤਰੈ ਜੂਠੇ ਪਰਸਾਦੇ ॥

[ਵਾਰ ੩੮, ਪਉੜੀ ੧੦

ਜਿਸ ਤੋਂ ਸਾਫ਼ ਸਿਧ ਹੁੰਦਾ ਹੈ ਕਿ ਜੂਠਾ ਯਾ ਜੂਠ ਦਾ ਖਾਣਾ ਖਾਣ ਦੀ ਖਚ-ਵਿਗੜਵਾਦੀ ਵਾਲੀ ਖਲਜਗਣ ਵਿਚ ਜੋ ਪੈ ਗਏ ਹਨ ਉਹਨਾਂ ਦੀ ਜੂਠ, ਓਹਨਾਂ ਦੇ ਅੰਦਰ ਘਰ ਕਰ ਗਈ ਹੋਈ ਜੂਠ ਕਦੇ ਉਤਰਦੀ ਨਹੀਂ। ਉਹ ਸਰਾ-ਪਾ (ਸਿਰ ਤੋਂ ਪੈਰਾਂ ਤਾਈਂ) ਮੁਜੱਸਮ ਜੂਠ ਹੀ ਹੋ ਜਾਂਦੇ ਹਨ। ਤਿਨ੍ਹਾਂ ਜੂਠ-ਪੁੰਜਾਂ ਦੇ ਹਥੋਂ ਖਾਣਾ ਜੂਠ-ਕਿਰਿਆ ਦਾ ਭਾਗੀ ਹੋਣਾ ਹੈ।

["ਗੁਰਮਤਿ ਬਿਬੇਕ" ਪੁਸਤਕ ਵਿਚੋ

## ਬਾਣੀ ਗੁਰੂ ਗੁਰੂ ਹੈ ਬਾਣੀ

ਗੁਰਬਾਣੀ, ਗੁਰ-ਉਪਦੇਸ਼ ਪਰਤੱਖ ਗੁਰੂ ਹੈ। ਗੁਰਬਾਣੀ ਦਾ ਨਿਰਾ ਅਰਥ-ਬੋਧ ਕੁਝ ਨਹੀਂ ਸੁਆਰਦਾ। "ਸੁਣਿਆ ਮੰਨਿਆ ਮਨਿ ਕੀਤਾ ਭਾਉ" ਦੇ ਹੁਕਮ ਅਨੁਸਾਰ ਸੁਣਿ, ਮੰਨਿ ਅਤੇ ਉਸ ਉਪਦੇਸ਼ ਦਾ ਭਾਉ ਮਨ ਵਿਚ ਵਸਾਉਣ ਤੇ ਅਮਲ ਕਰਨ ਨਾਲ ਹੀ ਜੀਵਨ ਪਲਟਦਾ ਹੈ।

ਗੁਰਬਾਣੀ ਦਾ ਭੈ ਮਨ ਵਿਚ ਵਸਾਉਣ ਲਈ ਗੁਰੂ ਦੀ ਬਾਣੀ ਦਾ ਪੂਰਨ ਹਿਤੋਂ ਚਿਤੋਂ ਸਤਿਕਾਰ ਕਰਨਾ ਲਾਜ਼ਮੀ ਹੈ। ਇਸ ਤਰ੍ਹਾਂ ਹੀ ਭੈ-ਭਾਵਨੀ ਮਨ ਵਿਚ ਵਸਦੀ ਹੈ, ਤੇ ਗੁਰਬਾਣੀ ਕੰਠ ਕਰਨ ਦਾ ਚਾਉ ਉਪਜਦਾ ਹੈ। ਕੰਠਾਗਰ ਬਾਣੀ ਵਧੇਰੇ ਰਸ ਉਪਜਾਉਂਦੀ ਹੈ ਤੇ ਸੁਰਤ ਜੋੜਨ ਵਿਚ ਸਹਾਈ ਹੁੰਦੀ ਹੈ। ਜੇ ਪੋਥੀ ਦੀ ਸਹਾਇਤਾ ਨਾਲ ਵੀ ਕੀਰਤਨ ਕਰਨਾ ਪਵੇ ਤਾਂ ਪੋਥੀ ਦੇ ਸਤਿਕਾਰ ਨੂੰ ਮੁਖ ਰੱਖਣਾ ਪਰਮ ਧਰਮ ਹੈ।

*ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਸਮੇਂ ਚਿਟ ਨੰਬਰ ਜ਼ਰੂਰ ਦੇਵੋ ਜੀ।*
*ਤੁਹਾਡਾ ਚਿਟ ਨੰਬਰ ਹਰ ਮਹੀਨੇ ਐਡਰੈਸ ਦੇ ਪਹਿਲਾਂ ਲਿਖਿਆ ਹੁੰਦਾ ਹੈ।*



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ–ਸ਼ਖਸੀਅਤ ਤੇ ਸ਼ਹਾਦਤ

[ਵਲੋਂ :—ਜੇ. ਪੀ. ਸੰਗਤ ਸਿੰਘ ਜੀ, 75/3 ਬੰਬਈ–82]

ਭਾਰਤ ਦੇ ਇਤਿਹਾਸ ਵਿਚ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਹੀ ਸਭ ਤੋਂ ਪਹਿਲੇ ਭਾਰਤੀ ਮਹਾਂ ਪੁਰਸ਼ ਸਨ ਜਿਹਨਾਂ ਨੇ ਸਭ ਤੋਂ ਪਹਿਲਾਂ, ਬਦੇਸ਼ੀਆਂ ਵਲੋਂ ਭਾਰਤ ਵਾਸੀਆਂ ਉਤੇ ਕੀਤੇ ਜਾ ਰਹੇ ਨਿਰੰਤਰ ਜ਼ੁਲਮਾਂ ਵਿਰੁਧ ਆਵਾਜ਼ ਉਠਾਈ ਅਤੇ ਦੇਸ਼ ਵਾਸੀਆਂ ਨੂੰ ਆਪਣਾ ਦੇਸ਼ ਆਜ਼ਾਦ ਕਰਾਣ ਦਾ ਵਿਚਾਰ ਦਿਤਾ।

ਸਾਡੇ ਦੇਸ਼ ਵਿਚ ਸਭ ਤੋਂ ਪਹਿਲਾ ਬਦੇਸ਼ੀ ਹਮਲਾਆਵਰ ਮੁਹੰਮਦ ਬਿਨ ਕਾਸਮ ੬੭੯ ਈ: ਵਿਚ ਆਇਆ ਅਤੇ ਉਦੋਂ ਤੋਂ ਹੀ ਇਸ ਦੇਸ਼ 'ਚ ਭਾਰਤੀਆਂ ਅਤੇ ਉਹਨਾ ਦੇ ਧਰਮ ਅਨੁਯਾਈਆਂ ਵਿਰੁਧ ਜ਼ੁਲਮ ਤੇ ਕਹਿਰ ਦਾ ਚੱਕਰ ਚਲਣਾ ਅਰੰਭ ਹੋ ਗਿਆ। ਹਿੰਦੂ ਧਰਮ ਅਸਥਾਨ ਢਾਹੇ ਗਏ, ਪੂਜਯ ਹਿੰਦੂ 'ਭਗਵਾਨਾਂ' ਦੀਆਂ ਮੂਰਤੀਆਂ ਨੂੰ ਅਪਮਾਨਤ ਕਰ ਕੇ ਤੋੜਿਆ ਗਿਆ ਅਤੇ ਧਰਮ ਅਸਥਾਨਾਂ ਨੂੰ ਲੁਟਿਆ ਗਿਆ। ਭਾਰਤ ਦੀਆਂ ਬੱਚੀਆਂ ਨੂੰ ਚੁਕ ਚੁਕ ਕੇ ਲੈ ਜਾਇਆ ਜਾਂਦਾ ਰਿਹਾ, ਪਰ ਇਸ ਰਿਸ਼ੀ ਮੁਨੀਆਂ ਅਤੇ ਚਕਰਵਰਤੀ ਰਾਜਿਆਂ ਦੀ ਸੰਤਾਨ ਨਾਲ ਭਰੇ ਦੇਸ਼ ਚੋਂ ਕੋਈ ਵੀ ਇਸ ਅਤਿਆਚਾਰ ਵਿਰੁਧ ਕੁਸਕ ਸਕਣ ਦੀ ਜੁਰਅਤ ਨਾ ਕਰ ਸਕਿਆ। ੬੭੯ ਈ: ਤੋਂ ੧੫੨੬ ਈ: ਤਕ ਪੂਰੇ ਸਾਢੇ ਅਠ ਸੌ ਸਾਲ ਇਹ ਜ਼ੁਲਮ ਹੁੰਦੇ ਰਹੇ।

ਪਰ ਸਤਿਗੁਰੂ ਨਾਨਕ ਪਾਤਸ਼ਾਹ ਦਾ ਦਰਦੀ ਦਿਲ ਇਹ ਵਧੀਕੀ ਸਹਿਣ ਨਾ ਕਰ ਸਕਿਆ ਤੇ ਉਸ ਨੇ ਗਰਜ ਕੇ ਆਖਿਆ :—

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥

... ... ... ... ...

ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ ॥

ਗੁਰੂ ਨਾਨਕ ਦੀ ਜੁਰਅਤ ਨੇ ਵਕਤ ਦੇ ਹਾਕਮ ਬਾਬਰ ਨੂੰ ਜਾਬਰ ਆਖਿਆ, ਉਸ ਦੀ ਫੌਜ ਨੂੰ ਜਮਦੂਤਾਂ ਦੀ ਧਾੜ ਕਿਹਾ ਅਤੇ ਉਸ ਦੇ ਰਾਜ ਨੂੰ ਕਸਾਈਆਂ ਦੇ ਰਾਜ ਨਾਲ ਤੁਲਨਾ ਦਿਤੀ। ਇਥੇ ਹੀ ਬਸ ਨਹੀਂ ਕੀਤੀ, ਸਗੋਂ ਬਾਬਾ "ਚੜ੍ਹਿਆ ਸੋਧਣਿ ਧਰਤਿ ਲੁਕਾਈ" ਅਤੇ ਦੇਸ਼ ਬਲਕਿ ਸੰਸਾਰ ਦੇ ਕੋਨੇ ਕੋਨੇ ਵਿਚ ਫਿਰ ਕੇ ਗਰੀਬ ਅਤੇ ਦੀਨ ਦੁਖੀਆਂ ਦੀ ਹਾਲਤ ਵੇਖੀ। ਦੁਖੀਆਂ ਦੇ ਦੁਖ ਨੂੰ ਅਨੁਭਵ ਕੀਤਾ ਤੇ ਹਰ ਮਨੁੱਖ ਲਈ ਤੇ ਦੇਸ਼ ਲਈ ਆਜ਼ਾਦੀ ਇਕ ਅਤੀ ਜ਼ਰੂਰੀ ਲੋੜ ਦਰਸਾਈ। ਗੁਲਾਮੀ ਨੂੰ ਲਾਹਨਤ ਮੰਨਿਆ ਤੇ ਆਪਣੇ ਦੇਸ਼ ਦੀ ਆਜ਼ਾਦੀ ਲਈ ਸੁਤੰਤਰਤਾ-ਸੰਗ੍ਰਾਮੀਆਂ ਦੀ ਇਕ ਬੀਰ ਕੌਮ (ਸਿਖ ਧਰਮ) ਦੀ ਨੀਂਹ ਰਖ ਦਿਤੀ।

ਦੇਸ਼ ਸੁਤੰਤਰਤਾ ਦੀ ਇਹ ਲਹਿਰ ਬਦੇਸ਼ੀ ਹੁਕਮਰਾਨਾਂ ਨੂੰ ਕਿਵੇਂ ਭਾ ਸਕਦੀ ਸੀ। ਗੁਰੂ ਨਾਨਕ ਨੂੰ ਵਕਤ ਦੀ ਹਕੂਮਤ ਨੇ ਜੇਹਲੀਂ ਪਾ ਦਿਤਾ, ਚਲਾਣ ਨੂੰ ਚਕੀਆਂ ਦਿਤੀਆਂ। ਦੂਜੇ ਗੁਰੂ ਨਾਨਕ—ਗੁਰੂ ਅੰਗਦ ਪਾਤਿਸ਼ਾਹ ਨੂੰ ਨੰਗੀਆਂ ਤਲਵਾਰਾਂ ਨਾਲ ਡਰਾ ਕੇ ਇਸ ਤਹਿਰੀਕ ਦੀ ਰਹਿਨੁਮਾਈ ਤੋਂ ਬਾਜ਼ ਆ ਜਾਣ ਲਈ ਡਰਾਇਆ ਗਿਆ। ਅਕਬਰ ਨੇ ਇਸ ਅੰਦੋਲਨ ਨੂੰ ਫ਼ੇਹਲ ਕਰਨ ਲਈ ਇਸ ਦੇ ਮੁਕਾਬਲੇ ਦੀਨ-ਏ-ਇਲਾਹੀ ਨਾਉਂ ਦਾ ਇਕ ਧਰਮ ਚਲਾ ਦਿਤਾ, ਪਰ ਚੂੰਕਿ ਉਹ ਧਰਮ ਦੇ ਨਾਂ ਹੇਠ ਇਕ ਸਿਆਸੀ ਚਲਾਕੀ ਸੀ ਜਿਸ ਕਰਕੇ ਅਕਬਰ ਦੀ ਮੌਤ ਦੇ ਨਾਲ ਹੀ ਉਸ ਦਾ ਫ਼ਾਤਿਹਾ ਵੀ ਪੜ੍ਹਿਆ ਗਿਆ। ਗੁਰੂ ਅਰਜਨ ਪਾਤਿਸ਼ਾਹ ਦੀ ਯੋਗਤਾ ਦੇ ਆਕ੍ਰਸ਼ਕ ਸ਼ਖਸੀਅਤ ਕਾਰਨ ਇਹ ਅੰਦੋਲਨ ਸਾਰੇ ਦੇਸ਼ ਵਿਚ ਫੈਲ ਚੁਕਾ ਸੀ। ਸਤਿਗੁਰੂ ਜੀ ਦਾ ਸਮਕਾਲੀ ਇਤਿਹਾਸਕਾਰ ਮੁਹਸਨ ਫ਼ਾਨੀ [੧੬੧੫–੧੬੭੦] ਲਿਖਦਾ ਹੈ :—

ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਦੇ ਸਮੇਂ ਸਿਖ ਸਾਰੇ ਦੇਸ਼ ਵਿਚ ਮੌਜੂਦ ਸਨ।

ਅਤੇ ਜਹਾਂਗੀਰ ਦੀ ਆਪਣੀ ਲਿਖਤ ਅਨੁਸਾਰ :



www.AKJ.Org

ਕਈ ਭੋਲੇ ਭਾਲੇ ਹਿੰਦੂ ਬਲਕਿ ਬੇਸਮਝ ਮੁਸਲਮਾਨ ਵੀ ਉਸਦੀ ਰਹਿਤ ਬਹਿਤ ਉਤੇ ਮੋਹਿਤ ਹੋ ਗਏ ਸਨ। [ਤਉਜ਼ਕਿ ਜਹਾਂਗੀਰੀ]

੧੬੦੪ ਈ: ਵਿਚ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰ ਕੇ ਸਿਖ ਧਰਮ ਨੂੰ ਇਕ ਸੁਤੰਤਰ ਧਰਮ ਬਣਾ ਦਿਤਾ ਅਤੇ ਦੂਰ ਗੰਧ ਮਾਰਦੇ ਗਲੇ ਸੜੇ ਹਿੰਦੂ ਸਮਾਜ ਦੀ ਭਸਮ ਚੋਂ, ਜਿਸ ਨਰੋਏ ਸਮਾਜ ਦਾ ਨਿਰਮਾਣ ਕੀਤਾ, ਉਹ ਮੁਗਲ ਸਾਮਰਾਜ ਦੀਆਂ ਅਖਾਂ ਵਿਚ ਬਹੁਤ ਬੁਰੀ ਤਰ੍ਹਾਂ ਰੜਕਿਆ। ਇਸ ਚੋਂ ਉਸ ਨੂੰ ਆਪਣੇ ਤਖਤੋ-ਤਾਜ ਦੇ ਖੁਸ ਜਾਣ ਦਾ ਪਰਤਖ ਝਾਵਲਾ ਪਿਆ।

ਦੂਜੀ ਗੱਲ ਕਿ ਚੌਥੇ ਸਤਿਗੁਰੂ ਦੇ ਸਮੇਂ ਤੀਕ ਸਰਕਾਰੀ ਰਾਜ ਦਰਬਾਰੇ, ਭਾਰਤ ਵਿਚ ਆਏ ਮੁਸਲਮਾਨਾਂ ਦੇ ਦੋ ਧੜਿਆਂ ਚੋਂ, ਸੂਫ਼ੀ ਮਤ ਧੜੇ ਦੀ ਹੀ ਪਹੁੰਚ ਰਹੀ, ਜਿਸ ਕਰਕੇ ਗੁਰੂ ਘਰ ਅਤੇ ਹਕੂਮਤ ਵਿਚ ਪ੍ਰੇਮ ਅਤੇ ਰਵਾਦਾਰੀ ਚਲਦੀ ਰਹੀ। ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਰਹੰਦ ਨਿਵਾਸੀ ਸ਼ੇਖ ਅਹਿਮਦ ਮੁਜੱਦਿਦ ਸਾਨੀ ਦਾ ਜ਼ੋਰ ਵਧ ਗਿਆ, ਇਹ ਦੂਜੇ ਧੜੇ ਨਕਸ਼ਬੰਦੀਆਂ ਦਾ ਮੁਖੀ ਸੀ ਅਤੇ ਇਹ ਹਿੰਦੁਸਤਾਨ ਨੂੰ ਫੌਰੀ ਤੌਰ ਤੇ ਇਸਲਾਮੀ ਰੰਗ ਵਿਚ ਰੰਗਿਆ ਵੇਖਣਾ ਚਾਹੁੰਦਾ ਸੀ। ਗੁਰੂ ਘਰ ਦੀ ਵਧ ਰਹੀ ਮਾਨਤਾ ਤੇ ਪ੍ਰਭਤਾ ਇਸ ਦੇ ਢਿਡੀਂ ਪੀੜਾਂ ਪਾ ਰਹੀ ਸੀ। ਇਸ ਫ਼ਿਰਕੇ ਦਾ ਇਕ ਪ੍ਰਤਿਸ਼ਟਤ ਮੁਰੀਦ ਸ਼ੇਖ ਫਰੀਦ ਅਕਬਰ ਦੇ ਦਰਬਾਰ ਵਿਚ "ਮੀਰ ਬਖਸ਼ੀ" ਦੇ ਮਰਾਤਬੇ ਤੇ ਲਗਾ ਹੋਇਆ ਸੀ। ਅਕਬਰ ਦੀ ਨੀਤੀ ਭਾਵੇਂ ਭਾਰਤ ਨੂੰ ਇਸਲਾਮੀ ਰੰਗ ਦੇਣ ਦੇ ਯਤਨਾਂ ਵਿਚ ਰਹੀ ਸੀ, ਪਰ ਉਹ ਇਸ ਦੀ ਸੁਲਹਕੁਲ ਅਤੇ ਨਰਮ ਨੀਤੀ ਦੇ ਸਖਤ ਵਿਰੁਧ ਸੀ। ਅਕਬਰ ਆਪਣੇ ਪਿਛੋਂ ਖ਼ੁਸਰੋ ਨੂੰ ਤਖ਼ਪ ਤਾਜ ਦੇਣਾ ਚਾਹੁੰਦਾ ਸੀ ਪਰ ਖ਼ੁਸਰੋ ਖ਼ੁਦਾ-ਦੋਸਤ, ਰਹਿਮ-ਦਿਲ ਤੇ ਸੂਫ਼ੀ ਸੁਭਾ ਦਾ ਹੋਣ ਕਰ ਕੇ, ਨਕਸ਼-ਬੰਦੀ ਇਸ ਦੇ ਸਖ਼ਤ ਵਿਰੋਧੀ ਸਨ। ਅਕਬਰ ਨੇ ਖ਼ੁਸਰੋ ਨੂੰ ਤਖ਼ਤ ਦੇਣ ਦੀ ਆਪਣੀ ਇਛਾ-ਪੂਰਤੀ ਲਈ ਆਪਣੀ ਬਿਮਾਰੀ ਵਿਚ ਸਲੀਮ (ਜਹਾਂਗੀਰ) ਨੂੰ ਗੁਜਰਾਤ ਦਾ ਸੂਬੇਦਾਰ ਨੀਯਤ ਕਰ ਦਿਤਾ, ਪਰ ਸ਼ੇਖ ਫਰੀਦ ਨੇ ਜਹਾਂਗੀਰ ਦੇ ਕੰਨ ਵਿਚ ਫੂਕ ਮਾਰ ਦਿਤੀ। ਸ਼ੇਖ ਫਰੀਦ ਤੇ ਸ਼ਹਿਜ਼ਾਦਾ ਸਲੀਮ ਕਾਫ਼ੀ ਚਿਰ ਤੋਂ ਅਕਬਰ ਦਾ ਤਖ਼ਤ ਪਲਟਣ ਦੇ ਯਤਨਾਂ ਵਿਚ ਸਨ, ਹੁਣ ਅਕਬਰ ਦੀ ਸਖ਼ਤ ਬਿਮਾਰੀ ਵਿਚ ਸ਼ੇਖ ਫ਼ਰੀਦ ਦਾ ਸੰਕੇਤ ਪ੍ਰਾਪਤ ਕਰਕੇ ਜਹਾਂਗੀਰ ਨੇ ਤਖਤ ਤੇ ਕਬਜ਼ਾ ਕਰ ਲਿਆ ਤੇ ਖ਼ੁਸਰੋ ਨਠ ਕੇ ਲਾਹੌਰ ਜਾ ਪੁਜਾ, ਜਿਥੇ ਸ਼ੇਖ ਫ਼ਰੀਦ ਨੇ ਇਸ ਦਾ ਪਿਛਾ ਕਰ ਕੇ ਗ੍ਰਿਫਤਾਰ ਕਰ ਲਿਆ ਤੇ ਆਪਣੇ ਧਰਮ-ਗੁਰੂ ਸ਼ੇਖ ਅਹਿਮਦ ਸਰਹੰਦੀ ਦੇ ਇਸ਼ਾਰੇ ਉਤੇ ਬਾਦਸ਼ਾਹ ਜਹਾਂਗੀਰ ਨੂੰ ਰੀਪੋਰਟ ਕਰ ਦਿਤੀ ਕਿ ਖ਼ੁਸਰੋ ਨਠਾ ਜਾਂਦਾ ਰਸਤੇ ਵਿਚ ਗੋਇੰਦਵਾਲ ਸਾਹਿਬ, ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਠਹਿਰਿਆ ਸੀ ਤੇ ਸਤਿਗੁਰੂ ਜੀ ਨੇ ਇਸ ਦੀ ਆਰਥਕ ਤੇ ਇਖ਼ਲਾਕੀ ਸਹਾਇਤਾ ਕੀਤੀ ਅਤੇ ਇਹ ਰੀਪੋਰਟ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ਼ੇਖ ਨਿਜ਼ਾਮ ਥਾਨੇਸਰੀ ਨੂੰ ਜੀਉਂਦੇ-ਜੀ ਗ੍ਰਿਫ਼ਤਾਰ ਕਰਕੇ "ਮੁਰਤਜ਼ਾ ਖ਼ਾਨ" ਦਾ ਖ਼ਿਤਾਬ ਪ੍ਰਾਪਤ ਕੀਤਾ। ਸਤਿਗੁਰੂ ਜੀ ਦੀ ਗ੍ਰਿਫ਼-ਤਾਰੀ ਉਪਰੰਤ ਜਹਾਂਗੀਰ ਉਹਨਾਂ ਨੂੰ ਇਸ ਦੇ ਹਵਾਲੇ ਕਰਕੇ ਆਪ ਕਸ਼ਮੀਰ ਚਲਾ ਗਿਆ। ਸਤਿਗੁਰੂ ਜੀ ਨੂੰ ਇਸ ਦੇ ਹਵਾਲੇ ਕਰਨ ਦਾ ਸੰਕੇਤ ਜਹਾਂਗੀਰ ਨੇ ਆਪਣੀ ਕਲਮ ਨਾਲ ਤੌਜ਼ਕੇ ਜਹਾਂਗੀਰੀ ਵਿਚ ਕੀਤਾ ਹੈ।

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਪਾਤਿਸ਼ਾਹ ਦਾ ਜਨਮ, ਚੌਥੇ ਸਤਿਗੁਰੂ ਗੁਰੂ ਰਾਮਦਾਸ ਸਾਹਿਬ ਜੀ ਦੇ ਘਰ ਗੋਇੰਦਵਾਲ ਵਿਖੇ ਵਿਸਾਖ ਵਦੀ ੭, ਮੁਤਾਬਕ ੧੯ ਵਿਸਾਖ ੧੬੨੦ (੧੫ ਅਪ੍ਰੈਲ ੧੫੬੩—੨੧ ਸ਼ਾਬਾਨ ਸੰਨ ਹਿਜਰੀ ੯੭੦) ਦਿਨ ਬੁਧਵਾਰ ਨੂੰ ਹੋਇਆ। ਆਪ ਜੀ ਦੀ ਸ਼ਖਸੀਅਤ ਅਤੀ ਮਹਾਨ ਅਤੇ ਉਜਾਗਰ ਹੋਣ ਦੀ ਭਵਿਸ਼ ਬਾਣੀ ਤਾਂ ਆਪ ਜੀ ਦੇ ਨਾਨਾ-ਗੁਰੂ ਸ੍ਰੀ ਗੁਰੂ ਅਮਰਦਾਸ ਪਾਤਿਸ਼ਾਹ "ਦੋਹਤਾ ਗੁਰੂ ਕਾ ਬੋਹਥਾ" ਦੇ ਬਚਨ ਕਰਕੇ, ਆਪ ਜੀ ਦੀ ਬਾਲਾਵਸਥਾ ਵਿਚ ਹੀ ਕਰ ਦਿਤੀ ਸੀ। ਠੀਕ ਹੀ ਜਦੋਂ ਆਪ ਜੀ ਭਾਦੋਂ ਸੁਦੀ



www.AKJ.Org

ਤੀਜ—੨ ਅਸੂ ੧੬੩੮.ਨੂੰ ਗੁਰੂ ਗਦੀ ਉਤੇ ਬਿਰਾਜਮਾਨ ਹੋਏ ਤਾਂ ਆਪ ਦੀ ਮਹਾਨ ਸ਼ਖਸੀਅਤ ਦੀਆਂ ਸਾਰੀਆਂ ਖ਼ੂਬੀਆਂ ਇਕ ਇਕ ਕਰਕੇ ਸਾਹਮਣੇ ਆਣ ਲਗ ਪਈਆਂ।

ਸਿਖ ਧਰਮ ਨੂੰ ਜਥੇਬੰਦ ਹੋ ਕੇ ਕੰਮ ਕਰਨਾ, ਧਰਮ ਕਾਰਜਾਂ ਲਈ ਆਪਣੀ ਕਮਾਈ ਚੋਂ ਦਸਵੰਧ ਦੇਣਾ ਆਪ ਨੇ ਹੀ ਸਿਖਾਇਆ ਅਤੇ ਸੰਸਾਰ 'ਚ ਸਭ ਤੋਂ ਪਹਿਲਾਂ ਆਪ ਜੀ ਨੇ ਬੁਨਿਆਦੀ ਅਸੂਲਾਂ ਦੀ ਬੁਨਿਆਦ ਰਖੀ। ਹਰਿਮੰਦਰ ਸਾਹਿਬ ਦੀ ਸਥਾਪਨਾ ਕਰ ਕੇ ਸਿਖ ਧਰਮ ਦਾ ਇਕ ਮਹਾਨ ਕੇਂਦਰ ਕਾਇਮ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਕਲਨਾ ਕਰਕੇ ਕੌਮ ਨੂੰ ਅਹਿਲੇ ਕਿਤਾਬ ਬਣਾ ਦਿਤਾ। ਸਿਖਾਂ ਨੂੰ ਹਥੀਂ ਸੇਵਾ ਦੀ ਜਾਚ ਸਿਖਾਈ। ਆਪ ਜੀ ਦੀ ਮਹਾਨ ਸ਼ਖ਼ਸੀਅਤ ਅਤੇ ਅਦੁਤੀ ਸ਼ਹਾਦਤ ਬਾਰੇ ਕੁਝ ਇਕ ਸਮਕਾਲੀ ਅਤੇ ਨਿਕਟ-ਕਾਲੀ ਲਿਖਤਾਂ ਇਸ ਪ੍ਰਕਾਰ ਹਨ।

## ਸ਼ਖ਼ਸੀਅਤ—

**ਸਤਾ ਡੂਮ:**—ਬਲਵੰਡ ਤੇ ਸਤਾ ਦੋਵੇਂ ਭਰਾ ਸਨ ਅਤੇ ਦੂਜੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਸਮੇਂ ਤੋਂ ਗੁਰੂ ਦਰਬਾਰ ਦੇ ਹਜ਼ੂਰੀ ਕੀਰਤਨੀਏ ਸਨ। ਆਪ ਜੀ ਦੀ ਇਕ ਵਾਰ ਰਾਮਕਲੀ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਜਿਸ ਦੀਆਂ ਕੁਲ ਅਠ ਪਉੜੀਆਂ ਹਨ। ਪਹਿਲੀਆਂ ਪੰਜ ਪਉੜੀਆਂ ਬਲਵੰਡ ਜੀ ਦੀ ਰਚਨਾ ਹੈ ਅਤੇ ਪਿਛਲੀਆਂ ਤਿੰਨ ਸਤੇ ਜੀ ਦੀਆਂ। ਆਖਰੀ ਪਉੜੀ ਵਿਚ ਸਤਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰੇ ਲਿਖਦੇ ਹਨ—

ਗੁਰੂ ਅਰਜਨ ਵਾਹਿਗੁਰੂ ਅਕਾਲ ਪੁਰਖ ਦਾ ਰੂਪ ਹੈ ਅਤੇ ਸੰਸਾਰ ਵਿਚ ਹਰ ਪਾਸੇ ਉਹਨਾਂ ਦੀ ਵਡਿਆਈ ਚਾਨਣ ਖਿਲਾਰ ਰਹੀ ਹੈ। ਗੁਰੂ ਅਰਜਨ ਤਖ਼ਤ ਨਸ਼ੀਨ ਹੈ ਅਤੇ ਅਕਾਲ ਪੁਰਖ ਦਾ ਚੰਦੋਆ ਉਸਦੇ ਸਿਰ ਉਤੇ ਤਣਿਆ ਹੋਇਆ ਹੈ। ਗੁਰੂ ਅਰਜਨ ਦੀ ਇਹ ਇਕ ਕਰਾਮਾਤ ਹੈ ਕਿ ਉਸਨੂੰ ਵਾਹਿਗੁਰੂ ਸਚੇ ਪਾਤਿਸ਼ਾਹ ਦੀ ਬਖਸ਼ਿਸ਼ [ਢੋਆ] ਪ੍ਰਾਪਤ ਹੈ।

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥ ਆਪੀਨੈ ਆਪੁ ਸਾਜਿਓਨੁ ਆਪੇ ਹੀ ਥੰਮਿ੍ ਖਲੋਆ ॥ ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ ॥ ਸਭ ਉਮਤਿ ਆਵਣ ਜਾਵਣੀ, ਆਪੇ ਹੀ ਨਵਾ ਨਿਰੋਆ ॥ ਤਖਤਿ ਬੈਠਾ ਅਰਜਨ ਗੁਰੂ, ਸਤਿਗੁਰ ਕਾ ਖਿਵੈ ਚੰਦੋਆ ॥ ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥ ਜਿਨ੍ਹੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ ॥ ਦੂਣੀ ਚਉਣੀ ਕਰਾਮਾਤਿ, ਸਚੇ ਕਾ ਸਚਾ ਢੋਆ ॥ ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥੮॥

[ਰਾਗੁ ਰਾਮਕਲੀ, ੯੬੮

**ਭਟ ਕਾਲ ਜਾਂ ਕਲ ਸਹਾਰ, ਮਥਰਾ ਅਤੇ ਹਰਬੰਸ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੧੩੮੯-੧੪੦੯ ਪੰਨੇ ਤੇ ੧੭ ਭੱਟਾਂ ਦੇ ਸਵਈਏ ਦਰਜ ਹਨ। ਇਹ ਭਟ ਵੇਦਾਂ ਦੇ ਮਹਾਨ ਗਿਆਤਾ ਤੇ ਵਿਦਵਾਨ ਸਨ। ਇਹ ਕਨੌਜ ਦੇ ਰਹਿਣ ਵਾਲੇ ਸਨ ਤੇ ੧੦੭੨ ਸੰਮਤ ਵਿਚ ਬੰਗਾਲ ਦੇ ਰਾਜਾ ਅਦੀਸਰ ਨੇ ਇਹਨਾਂ ਨੂੰ ਕਨੌਜ ਤੋਂ ਬੁਲਾ ਕੇ ਉਥੇ ਆਬਾਦ ਕੀਤਾ ਸੀ। ਇਹ ਭਟ ਆਤਮ ਸ਼ਾਂਤੀ ਅਤੇ ਸਚ ਪ੍ਰਾਪਤੀ ਲਈ ਘਰੋਂ ਨਿਕਲ ਟੁਰੇ ਤੇ ਦੇਸ਼ ਦੇ ਸਰਬਤ੍ਰ ਤੀਰਥਾਂ ਨੂੰ ਗਾਹ ਮਾਰਿਆ। ਢੇਰ ਚਿਰ ਬਨਾਰਸ ਵੀ ਰਹੇ, ਪਰ ਕਿਧਰੋਂ ਵੀ ਮਨ ਦੀ ਸ਼ਾਂਤੀ ਪ੍ਰਾਪਤ ਨਾ ਹੋਈ। ਅੰਤ ਜਿਵੇਂ ਕਿਵੇਂ ਸ੍ਰੀ ਗੁਰੂ ਅਰਜੁਨ ਦੇਵ ਪਾਤਿਸ਼ਾਹ ਦੇ ਦਰਬਾਰ ਵਿਚ ਪੁਜ ਗਏ। ਦਰਸ਼ਨਾਂ ਨਾਲ ਬੀ ਆਤਮਾ ਨੂੰ ਠੰਢ ਅਨੁਭਵ ਹੋਈ। ਜਿਸ ਖ਼ਾਤਰ ਘਰੋਂ ਨਿਕਲੇ ਸਨ, ਇਸ ਦਰੋਂ ਉਸੇ ਸ਼ਾਂਤੀ ਦੀ ਆਸ ਦੇਖ ਕੇ ਇਹਨਾਂ ਦੇ ਮੁਖੀ ਭਟ ਭਿਖਾ ਜੀ ਪੁਕਾਰ ਉਠੇ—

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ



www.AKJ.Org

ਪੰਡਿਤ ਮਿਠੇ ॥ ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥ ਹਰਿਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥ ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥ ੨॥੨੦॥ ਭਿਖਾ ਜੀ-੧੩੯੫-੯੬

ਇਹਨਾਂ ਭਟਾਂ ਚੋਂ ਕਲ ਜਾਂ ਕਲ ਸਹਾਰ, ਮਥਰਾ ਤੇ ਹਰਬੰਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤਿ ਵਿਚ ਕਰਮਵਾਰ ੧੨, ੭ ਤੇ ੨ ਸਵਯੇ ਉਚਾਰਨ ਕੀਤੇ ਹਨ। ਕਲਸਹਾਰ ਜੀ ਕਹਿੰਦੇ ਹਨ :

**ਕਲ ਸਹਾਰ–**

ਗੁਰੂ ਅਰਜਨ ਜੀ ਸ਼ਾਂਤੀ, ਭਗਤੀ, ਗਿਆਨ, ਉਪਦੇਸ਼ ਦੇ ਦਾਤਾ ਹਨ। ਆਪ ਜੀ ਪਰ ਦੁਖ, ਭਰਮ, ਭ੍ਰਾਂਤੀ, ਭਉ, ਪਰ-ਪੀੜ ਤੇ ਹੰਗਤਾ ਦੇ ਨਾਸ਼ਕ ਹਨ। ਸਗੋਂ ਆਪ ਜੀ ਬ੍ਰਹਮਾ ਦੇ ਸਰੂਪ ਹੀ ਹਨ। ਆਪ ਜੀ ਜਗ-ਤਾਰਕ, ਮਾਇਆ ਤੋਂ ਨਿਰਲੇਪ, ਹਰੀਨਾਮ ਮੰਤ੍ਰ ਦੇ ਅਖੁਟ ਭੰਡਾਰ, ਅਤੇ ਰਾਜ ਜੋਗੀ ਹਨ ਤੇ ਆਪ ਜੀ ਦੇ ਦੁਆਰੇ ਪੁਜਦੇ ਸਾਰ ਹੀ ਸਾਡੇ ਸਾਰੇ ਕਾਰਜ ਸਿਧ ਹੋ ਗਏ ਹਨ ਅਤੇ ਕੋਈ ਤ੍ਰਿਸ਼ਨਾ ਬਾਕੀ ਨਹੀਂ ਰਹਿ ਗਈ।

ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥ ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥ ਸਤਿਗੁਰ ਚਰਣ ਕਵਲ ਰਿਦਿ ਧਾਰੰ ॥ ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥ ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥ ਸਗਲ ਮਨੋਰਥ ਪੂਰੀ ਆਸਾ ॥ ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥ ਕਲ੍ ਜੋੜਿ ਕਰ ਸੁਜਸੁ ਵਖਾਣਿਓ ॥ ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥ ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥ ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥ ਗੁਰੁ ਅਰਜੁਨੁ, ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥੧॥ [ਪੰਨਾ ੧੪੦੬-੭

ਮਥੁਰਾ ਜੀ ਲਿਖਦੇ ਹਨ–

ਪ੍ਰਮਾਣ ਪੁਰਖ ਰੂਪ, ਸਤ ਸੰਤੋਖ ਦੇ ਪੁੰਜ, ਧੁਰੋਂ ਅਵਤਾਰ, ਪ੍ਰੇਮ ਰਸ ਵਿਚ ਮਤੇ ਹੋਏ, ਤਿਆਗੀ, ਗੁਰੂ ਅਰਜਨ ਜੀ ਦੇ ਚਰਨਾਂ ਵਿਚ ਚਿਤ ਲਗਾ ਕੇ ਸਦਾ ਉਹਨਾਂ ਦੇ ਸਾਹਮਣੇ ਖੜੇ ਰਹਿਣ ਤੇ ਜੀਅ ਕਰਦਾ ਹੈ। ਉਹ ਪਾਰਸ ਹਨ ਤੇ ਸੰਸਾਰ ਸਾਗਰ ਤੋਂ ਤਾਰਨ ਲਈ ਕਲਜੁਗੀ ਜੀਵਾਂ ਖ਼ਾਤਰ ਜਹਾਜ਼ ਰੂਪ ਹਨ। ਜਗਤ-ਉਧਾਰ ਲਈ ਗੁਰੂ ਰਾਮਦਾਸ ਜੀ ਨੇ ਆਪਣੀ ਜੋਤਿ ਉਹਨਾਂ ਵਿਚ ਧਰ ਦਿਤੀ ਹੈ। ਪ੍ਰਭੂ ਆਪ ਹੀ ਉਹਨਾਂ 'ਚ ਨਿਵਾਸ ਕਰਦਾ ਹੈ, ਸਗੋਂ ਜੀਵਾਂ ਦੇ ਉਧਾਰ ਲਈ ਵਾਹਿਗੁਰੂ ਨੇ ਆਪ ਹੀ ਅਰਜਨ ਰੂਪ ਧਾਰਨ ਕੀਤਾ ਹੈ। ਜੋ ਵੀ ਕੋਈ ਅਰਜਨ ਗੁਰੂ ਦਾ ਸਿਮਰਨ ਕਰੇਗਾ, ਉਹ ਮੁੜ ਕੇ ਗਰਭ ਜੋਨ ਵਿਚ ਨਹੀਂ ਪਵੇਗਾ।

ਜੋਤਿ ਰੂਪ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥ ਅਮਰਦਾਸਿ ਅਮਰਤ ਛਤ੍ਰੁ ਗੁਰ ਰਾਮਹਿ ਦੀਅਉ ॥ ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥ ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥......ਅੰਤੁ ਨ ਪਾਵਤ ਦੇਵ ਸਬੈ, ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥ ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ, ਹਰਿ ਜਾਪੁ ਨ ਛਾਡ੍ਹਉ ਏਕ ਘਰੀ ॥ ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ, ਸੰਗਤਿ ਸ੍ਰਿਸਟ ਨਿਹਾਲੁ ਕਰੀ ॥ ਰਾਮਦਾਸਿ ਗੁਰੂ ਜਗ ਤਾਰਨ ਕਉ, ਗੁਰ ਜੋਤਿ ਸੁ ਅਰਜੁਨ ਮਾਹਿ ਧਰੀ ॥੪॥ [ਪੰਨਾ ੧੪੦੮-੯

[ਬਾਕੀ ਸਫ਼ਾ ੧੨ ਹੇਠ]



www.AKJ.Org

# ਜਾਪੁ ਸਾਹਿਬ—ਕਾਵਿ ਅਨੁਵਾਦ

]ਵਲੋਂ :– ਜੇ, ਪੀ. ਸੰਗਤ ਸਿੰਘ ਜੀ, 75/3 ਮੁਲੰਡ ਕਾਲੋਨੀ, ਬੰਬਈ-82]

## ਮਹਿਮਾ ਅਪਾਰ

### ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥

(ਤੇਰੀ ਮਿਹਰ ਦੁਆਰਾ ਹੀ ਇਹ ਮਧੁਭਾਰ ਛੰਦ ਲਿਖਦਾ ਹਾਂ)

**ਗੁਣ ਗਣ ਉਦਾਰ ॥ ਮਹਿਮਾ ਅਪਾਰ ॥ ਆਸਨ ਅਭੰਗ ॥ ਉਪਮਾ ਅਨੰਗ ॥੯੭॥**

**ਸ਼ਬਦਾਰਥ**—ਗੁਣ=ਸਮੂਹ। ਗੁਣ ਗਣ=ਗੁਣਾਂ ਦਾ ਸਮੂਹ, ਬਿਅੰਤ ਗੁਣਾਂ ਵਾਲਾ। ਉਦਾਰ=ਖੁਲ੍ਹੇ ਦਿਲ ਵਾਲਾ। ਮਹਿਮਾ=ਵਡਿਆਈ। ਅਭੰਗ=ਅਬਿਨਾਸ਼ੀ। ਉਪਮਾ=ਵਡਿਆਈ, ਮਹਾਨਤਾ। ਅਨੰਗ=ਸਰੀਰ ਰਹਿਤ।

**ਭਾਵਾਰਥ**—ਤੂੰ ਗੁਣਾਂ ਦਾ ਭੰਡਾਰ ਹੈਂ। ਤੇਰੀ ਉਪਮਾ ਵਡਿਆਈ ਨਹੀਂ ਕੀਤੀ ਜਾ ਸਕਦੀ। ਤੇਰਾ ਆਸਣ ਅਡੋਲ ਤੇ ਅਮਰ ਹੈ, ਤੂੰ ਸਰੀਰ ਰਹਿਤ ਹੈਂ।

**ਕਾਵਿ ਭਾਵਾਰਥ**—

ਹੈਂ ਅਣਗਿਣਤ ਗੁਣ ਸੁਆਮੀ ਤੂੰ ਪ੍ਰਭੂ ਮੇਰੇ, ਤੇ ਉਦਾਰ ਚਿਤ ਦਾਤਾ, ਦਾਤਾਰ ਨਾਲੇ।
ਉਪਮਾ, ਮਹਿਮਾ, ਵਡਿਆਈ ਹਾਨ ਤੇਰੀ, ਸ਼ੋਭਾ ਤੇਰੀ ਹੈ ਅਪਰ ਅਪਾਰ ਨਾਲੇ।
ਕਾਇਮ, ਦਾਇਮ, ਅਬਿਨਾਸ਼ੀ, ਤੂੰ ਸਦਾ ਅਸਥਿਰ, ਆਸਨ ਤੇਰਾ ਹੈ ਸਦਾ ਅਭੰਗ ਪ੍ਰੀਤਮ।
ਉਪਮਾ ਅਤੇ ਮਹਾਨਤਾ ਵਿਚ ਕੋਈ, ਨਹੀਂ ਹੈ ਜੋੜ ਤੇਰਾ, ਹੇ ਅਨੰਗ ਪ੍ਰੀਤਮ।

**ਅਨਭਵ ਪ੍ਰਕਾਸ਼ ॥ ਨਿਸ ਦਿਨ ਅਨਾਸ ॥ ਆਜਾਨ ਬਾਹ ॥ ਸ਼ਾਹਾਨ ਸ਼ਾਹ ॥੯੮॥**

**ਸ਼ਬਦਾਰਥ**—ਅਨਭਵ ਪ੍ਰਕਾਸ਼=ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ। ਆਜਾਨ=ਜਗਤ ਰਚਨਾ ਦੇ ਵਸੀਲੇ। ਬਾਹ=ਰਖਣ ਵਾਲਾ।

**ਭਾਵਾਰਥ**—ਤੂੰ ਸੁਤੇ ਪ੍ਰਕਾਸ਼ ਹੈਂ। ਰਾਤ ਦਿਨ ਸਦੀਵ ਹੀ ਤੂੰ ਅਬਿਨਾਸ਼ੀ ਹੈਂ। ਸੰਸਾਰ ਦੇ ਰਚਨਾ ਦੇ ਵਸੀਲਿਆਂ ਉਤੇ ਤੇਰਾ ਪੂਰਨ ਅਧਿਕਾਰ ਹੈ। ਤੂੰ ਸ਼ਹਿਨਸ਼ਾਹ ਹੈਂ।

**ਕਾਵਿ ਭਾਵਾਰਥ**—

ਆਪਣੇ ਆਪ ਤੋਂ ਹੀ ਹੈ ਪ੍ਰਕਾਸ਼ ਤੇਰਾ, ਸੁਤੇ ਸਿਧ ਗਿਆਨ ਪ੍ਰਕਾਸ਼ ਹੈਂ ਤੂੰ।
ਰਾਤ ਦਿਨੇ, ਹਰ ਸਮੇਂ, ਸਦੀਵ ਹੈਂ ਤੂੰ, ਨਾਸ਼ ਹੁੰਦਾ ਨਹੀਂ, ਅਮਰ ਅਬਿਨਾਸ਼ ਹੈਂ ਤੂੰ।
ਜਗਤ-ਰਚਨਾ ਦੇ ਜਿਤਨੇ ਸਭ ਹੈਨ ਸਾਧਨ, ਸਭ ਦਾ ਸੁਆਮੀ ਤੂੰਹੀਓਂ, ਸਭ ਦਾ ਸ਼ਾਹ ਪ੍ਰੀਤਮ।
ਜਿਤਨੇ ਰਾਜੇ ਮਹਾਰਾਜੇ, ਅਧੀਰਾਜ ਸ਼ਾਹ ਨੇ, ਤੂੰ ਹੈਂ ਸਾਰਿਆਂ ਦਾ ਸਹਿਨਸ਼ਾਹ ਪ੍ਰੀਤਮ।

**ਰਾਜਾਨ ਰਾਜ ॥ ਭਾਨਾਨ ਭਾਨ ॥ ਦੇਵਾਨ ਦੇਵ ॥ ਉਪਮਾ ਮਹਾਨ ॥੯੯॥**

**ਸ਼ਬਦਾਰਥ**—ਭਾਨਾਨ ਭਾਨ=ਸੂਰਜ ਦਾ ਵੀ ਸੂਰਜ। ਦੇਵਾਨ ਦੇਵ=ਦੇਵਤਿਆਂ ਦਾ ਵੀ ਦੇਵ, ਦੇਵਤਿਆਂ ਦਾ ਵੀ ਪੂਜਣ ਯੋਗ।

**ਭਾਵਾਰਥ**—ਤੂੰ ਰਾਜਿਆਂ ਦਾ ਅਧੀਰਾਜ ਹੈਂ, ਸੂਰਜ ਨੂੰ ਵੀ ਪ੍ਰਕਾਸ਼ ਦੇਣ ਵਾਲਾ ਹੈਂ, ਦੇਵਤਿਆਂ ਦਾ ਵੀ ਪੂਜ ਹੈਂ। ਤੇਰੀ ਵਡਿਆਈ ਅਤੀ ਮਹਾਨ ਹੈ।



www.AKJ.Org

**ਕਾਵਿ ਭਾਵਾਰਥ--**

ਮਹਾਰਾਜ ਅਧੀਰਾਜ ਹੈਂ ਰਾਜਿਆਂ ਦਾ, ਰਵੀ ਦਾ ਵੀ ਪ੍ਰਕਾਸ਼ ਦਾਤਾਰ ਸੁਆਮੀ।
ਪੂਜ ਦੇਵ ਹੈਂ ਦੇਵਾਂ ਤੇ ਦੇਵੀਆਂ ਦਾ, ਤੇਰੀ ਮਹਿਮਾ ਮਹਾਨ ਅਪਾਰ ਸੁਆਮੀ।

**ਇੰਦ੍ਰਾਨ ਇੰਦ੍ਰ ॥ ਬਾਲਾਨ ਬਾਲ ॥ ਰੰਕਾਨ ਰੰਕ ॥ ਕਾਲਾਨ ਕਾਲ ॥ ੯੦ ॥**

**ਸ਼ਬਦਾਰਥ**–ਇੰਦ੍ਰਾਨ ਇੰਦ੍ਰ=ਇੰਦਰ ਰਾਜੇ ਦਾ ਵੀ ਰਾਜਾ। ਬਾਲਾਨ ਬਾਲ=ਉਚਿਆਂ ਤੋਂ ਵੀ ਉਚਾ। ਬਾਲਾ=ਉਚਾ। ਰੰਕਾਨ ਰੰਕ=ਅਤਿ ਕੰਗਾਲਾਂ ਵਿਚ ਵਸਣ ਵਾਲਾ। ਕਾਲਾਨ ਕਾਲ=ਮੌਤ ਦੀ ਵੀ ਮੌਤ।

**ਭਾਵਾਰਥ**–ਤੂੰ ਇੰਦ੍ਰ ਰਾਜੇ ਦਾ ਵੀ ਰਾਜਾ ਹੈਂ, ਉਚਿਆਂ ਤੋਂ ਵੀ ਉਚਾ ਹੈਂ। ਅਤਿ ਗਰੀਬਾਂ ਵਿਚ ਵੀ ਤੇਰਾ ਵਾਸਾ ਹੈ ਅਤੇ ਮੌਤ ਲਈ ਵੀ ਮੌਤ ਰੂਪ ਹੈਂ।

**ਕਾਵਿ ਭਾਵਾਰਥ—**

ਰਾਜੇ ਇੰਦ੍ਰ ਦਾ ਵੀ ਤੂੰ ਮਹਾਰਾਜ ਪ੍ਰੀਤਮ, ਤੂੰ ਹੈਂ ਉਚਿਆਂ ਤੋਂ ਵੀ ਉਚ ਦਾਤਾਰ ਮੇਰੇ।
ਅਤਿ ਗਰੀਬਾਂ ਵਿਚ ਵੀ ਤੂੰ ਹੀ ਆਪ ਵਸਨੈਂ, ਕਾਲ ਮੌਤ ਦਾ ਵੀ ਤੂੰ ਕਰਤਾਰ ਮੇਰੇ।

**ਅਨਭੂਤ ਅੰਗ ॥ ਆਭਾ ਅਭੰਗ ॥ ਗਤਿ ਮਿਤਿ ਅਪਾਰ ॥ ਗੁਣ ਗਣ ਉਦਾਰ ॥੯੧॥**

**ਸ਼ਬਦਾਰਥ**–ਅਨਭੂਤ=ਜੋ ਤੱਤਾਂ ਤੋਂ ਬਣਿਆ ਨਾ ਹੋਵੇ। ਆਭਾ=ਚਮਕ, ਪ੍ਰਕਾਸ਼। ਅਭੰਗ=ਅਬਿਨਾਸ਼ੀ। ਗਤਿ=ਹਾਲਤ, ਗੁਣ। ਮਿਤਿ=ਮਿਣਤੀ, ਅਨੁਮਾਨ। ਅਪਾਰ=ਬੇਅੰਤ। ਗੁਣ ਗਣ=ਗੁਣਾਂ ਦਾ ਸਮੂਹ, ਬੇਅੰਤ ਗੁਣੀ।

**ਭਾਵਾਰਥ :**–ਤੂੰ ਤਤਾਂ ਤੋਂ ਨਹੀਂ ਬਣਿਆ। ਤੇਰੀ ਆਭਾ ਅਮਰ ਤੇ ਸਦੀਵੀ ਹੈ। ਤੇਰੇ ਗੁਣ ਬਿਅੰਤ ਹਨ। ਤੂੰ ਗੁਣੀਂ ਭੰਡਾਰ ਹੈਂ, ਉਹਨਾਂ ਦਾ ਕੋਈ ਪਾਰ ਨਹੀਂ ਮਿਲਦਾ। ਤੂੰ ਖੁਲ੍ਹੇ ਦਿਲ ਵਾਲਾ ਹੈਂ।

**ਕਾਵਿ ਭਾਵਾਰਥ—**

ਜਗਤ ਰਚਨਾ ਦੇ ਤੱਤਾਂ ਤੋਂ ਬਣਿਆ ਨਹੀਂ ਤੂੰ, ਤੇ ਪ੍ਰਕਾਸ਼ ਤੇਰਾ ਨਾਸਵਾਨ ਨਹੀਂ ਹੈ।
ਹੈਂ ਬਿਅੰਤ ਗੁਣ ਸੁਆਮੀ, ਉਦਾਰ ਚਿਤ ਵੀ, ਤੇਰੇ ਗੁਣਾਂ ਦਾ ਕੁਝ ਅਨੁਮਾਨ ਨਹੀਂ ਹੈ।

**ਮੁਨ ਗਨ ਪ੍ਰਣਾਮ ॥ ਨਿਰਭੈ ਨਿਕਾਮ ॥ ਅਤਿ ਦੁਤ ਪ੍ਰਚੰਡ ॥ ਮਿਤਿ ਗਤਿ ਅਖੰਡ ॥੯੨॥**

**ਸ਼ਬਦਾਰਥ**–ਮੁਨੀ=ਤਪੀ, ਰਿਸ਼ੀ। ਮੁਨ ਗਨ=ਤਪੀਸ਼ਰਾਂ ਦਾ ਸਮੂਹ। ਨਿਰਭੈ=ਨਿਡਰ। ਨਿਕਾਮ=ਕਾਮਨਾ ਮੁਕਤ। ਅਤੀ=ਬਹੁਤ ਹੀ। ਦੁਤ=ਪ੍ਰਕਾਸ਼। ਪ੍ਰਚੰਡ=ਤੇਜ। ਅਤਿ ਦੁਤ ਪ੍ਰਚੰਡ=ਮਹਾਨ ਤੇਜ ਪ੍ਰਕਾਸ਼, ਜਿਹੜਾ ਝਲਿਆ ਨਾ ਜਾ ਸਕੇ। ਅਖੰਡ=ਅਬਿਨਾਸ਼ੀ।

**ਭਾਵਾਰਥ**—ਰਿਸ਼ੀ ਮੁਨੀ ਵੀ ਤੈਨੂੰ ਪ੍ਰਣਾਮ ਕਰਦੇ ਹਨ। ਤੂੰ ਨਿਡਰ ਹੈਂ, ਕਾਮਨਾ ਮੁਕਤ ਹੈਂ। ਤੇਰਾ ਤੇਜ ਪ੍ਰਤਾਪ ਝਲਿਆ ਨਹੀਂ ਜਾ ਸਕਦਾ। ਤੇਰੀ ਅਵਸਥਾ ਅਖੰਡ ਹੈ, ਅਬਿਨਾਸ਼ੀ ਹੈ।

**ਕਾਵਿ ਭਾਵਾਰਥ—**

ਰਿਸ਼ੀ ਮੁਨੀ ਵੀ ਤੈਨੂੰ ਪ੍ਰਣਾਮ ਕਰਦੇ, ਡਰ ਤੇ ਕਾਮਨਾ ਤੋਂ ਤੂੰ ਹੈਂ ਪਾਰ ਦਾਤਾ।
ਝਲਿਆ ਜਾਏ ਨ ਤੇਜ ਪ੍ਰਤਾਪ ਤੇਰਾ, ਗਤੀ ਤੇਰੀ ਅਖੰਡ ਅਪਾਰ ਦਾਤਾ।



www.AKJ.Org

ਆਲਿਸਯ ਕਰਮ ॥ ਆਦ੍ਰਿਸਯ ਧਰਮ ॥ ਸਰਬਾ ਭਰਨਾਢਯ ॥ ਅਨਡੰਡ ਬਾਢਯ ॥੯੩॥

**ਸਬਦਾਰਥ**—ਆਲਿਸਯ=ਲੇਸ ਰਹਿਤ, ਉਦਮ ਮੁਕਤ। ਆਲਿਸਯ ਕਰਮ=ਜਿਸ ਨੂੰ ਆਪਣੇ ਕਰਮਾਂ ਵਿਚ ਉਚੇਚੇ ਉਦਮ ਦੀ ਲੋੜ ਨ ਹੋਵੇ। ਆਦ੍ਰਿਸਯ=ਆਦ੍ਰਸ਼ਕ। ਆਦ੍ਰਿਸਯ ਧਰਮ=ਫ਼ਰਜ਼-ਸ਼ਨਾਸੀ। ਭਰਨਾਢਯ=ਆਭਰਣ+ਆਢਯ। ਆਭਰਨ=ਗਹਿਣੇ, ਸਜਾਵਟ। ਆਢਯ=ਭਰਪੂਰ, ਸਜਿਆ ਹੋਇਆ। ਅਨਡੰਡ=ਡੰਡ ਰਹਿਤ, ਸਜ਼ਾ ਮੁਕਤ।

**ਭਾਵਾਰਥ**—ਪ੍ਰਭੂ ਤੇਰੇ ਸਾਰੇ ਕਰਮ ਸ੍ਵੈਕਾਰ ਹਨ, ਫ਼ਰਜ਼-ਸ਼ਨਾਸੀ ਵਿਚ ਤੇਰਾ ਕਮਾਲ ਹੈ, ਸੰਸਾਰ ਦੀਆਂ ਸਭ ਸਜਾਵਟਾਂ ਨਾਲ ਤੂੰ ਸਜਿਆ ਹੋਇਆ ਹੈਂ, ਤੈਨੂੰ ਕੋਈ ਤਾੜਨਾ ਨਹੀਂ ਕਰ ਸਕਦਾ।

**ਕਾਵਿ ਭਾਵਾਰਥ**—

ਆਪਣੇ ਆਪ ਸਭ ਕੰਮ ਤੇਰੇ ਹੋਈ ਜਾਂਦੇ, ਤੈਨੂੰ ਉਦਮ ਉਚੇਚੇ ਦੀ ਲੋੜ ਨਹੀਂ ਹੈ।
ਫਿਰ ਵੀ ਫ਼ਰਜ਼-ਸ਼ਨਾਸੀ ਕਮਾਲ ਤੇਰੀ, ਧਰਮ ਪਾਲਣ ਵਿਚ ਰਖੇਂ ਤੂੰ ਥੋੜ ਨਹੀਂ ਹੈ।
ਹਰ ਅਭੂਸ਼ਨ, ਸਜਾਵਟ ਸੰਗ ਸਜਿਆ ਹੈਂ ਤੂੰ, ਤੂੰ ਹੈਂ ਪੂਰਨ ਅਭੂਸ਼ਤ ਸਰੂਪ ਦਾਤਾ।
ਕੋਈ ਤਾੜਨਾ ਤੈਨੂੰ ਨਹੀਂ ਕਰ ਸਕਦਾ, ਡੰਡ ਰਹਿਤ ਮੇਰੇ ਅਨਡੰਡ ਰੂਪ ਦਾਤਾ।੯੩।

---

[ ਸਫ਼ੇ ੬ ਦੀ ਬਾਕੀ ]

ਹਰਬੰਸ ਜੀ ਕਹਿੰਦੇ ਹਨ—

ਗੁਰੂ ਅਰਜਨ ਉਹ ਪਵਿਤਰ ਗੰਗਾ ਹੈ ਜਿਸ ਵਿਚ ਸੰਗਤਾਂ ਇਸ਼ਨਾਨ ਕਰ ਕਰ ਕੇ ਪਵਿਤਰ ਹੋ ਹੋ ਜਾਂਦੀਆਂ ਹਨ। ਉਹਦੇ ਦਰਬਾਰ ਵਿਚ ਨਿਤ ਹੀ ਪੁਰਾਣਾਂ ਦੀ ਕਥਾ ਹੁੰਦੀ ਹੈ, ਤੇ ਬ੍ਰਹਮਾ ਆਪ ਵੇਦ ਉਚਾਰਨ ਕਰਦਾ ਹੈ, ਵਾਹਿਗੁਰੂ ਅਕਾਲ ਪੁਰਖ ਜੀ ਨੇ ਆਪ ਪ੍ਰਿਥਵੀ ਦਾ ਛਤ੍ਰ ਸਿੰਘਾਸਨ ਗੁਰੂ ਅਜਰਨ ਜੀ ਨੂੰ ਬਖਸ਼ਿਆ ਹੈ—

ਦੇਵਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ॥ ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥ ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ॥ ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ॥ ਕਾਟੇ ਸੁ ਪਾਪ ਤਿਨ੍ ਨਰਹੁ ਕੇ, ਗੁਰੁ ਰਾਮਦਾਸੁ ਜਿਨ੍ ਪਾਇਯਓ ॥ ਛਤ੍ਰ ਸਿੰਘਾਸਨੁ ਪਿਰਥਮੀ, ਗੁਰ ਅਰਜਨ ਕਉ ਦੇ ਆਇਓ ॥੨।੨੧॥੯॥੧੧॥

## ੬. ਭਾਈ ਗੁਰਦਾਸ ਜੀ—

ਭਾਈ ਗੁਰਦਾਸ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੇ ਮਹਾਨ ਵਿਦਵਾਨ ਹੋਏ ਹਨ। ਆਪ ਨੂੰ, ਬਹੁ-ਪਖੀ ਗਿਆਨ ਤੇ ਵਿਦਵਤਾ ਕਾਰਨ ਗੁਰੂ ਘਰ ਦਾ ਵੇਦ ਵਿਆਸ ਆਖਿਆ ਜਾਂਦਾ ਹੈ। ਆਪ ਜੀ ਸੰਸਕ੍ਰਿਤ, ਪ੍ਰਾਕਿਰਤ ਤੇ ਫ਼ਾਰਸੀ ਦੇ ਪੂਰਨ ਗਿਆਨੀ ਸਨ। ਆਪ ਜੀ ਦੀ ਬਹੁ-ਪਖੀ ਵਿਦਵਤਾ ਤੇ ਸ਼ਬਦ-ਭੰਡਾਰ ਦੀ ਵਿਸ਼ਾਲਤਾ ਦਾ ਗਿਆਨ ਆਪ ਜੀ ਦੇ ਕਬਿਤ ਸਵਯਾਂ ਨੂੰ ਪੜ੍ਹਿਆਂ ਲਗ ਸਕਦਾ ਹੈ। ਆਪ ਜੀ ਦੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਬਖ਼ਸ਼ਿਆ ਗਿਆ ਹੈ। ਆਪ ਜੀ ਲਿਖਦੇ ਹਨ—

ਰਹਿੰਦੇ ਗੁਰ ਦਰੀਆਉ ਵਿਚਿ, ਮੀਨ ਕੁਲੀਨ ਹੇਤੁ ਨਿਰਬਾਣੀ ॥ ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ॥ ਸਬਦ ਸੁਰਤ ਲਿਵ ਮਿਰਗ ਜਿਉ, ਭੀੜ ਪਈ ਚਿਤ ਅਵਰੁ ਨ ਆਣੀ॥ ਚਰਨ ਕਵਲ ਮਿਲਿ ਭਵਰ ਜਿਉ, ਸੁਖ ਸੰਪਟਿ ਵਿਚਿ ਰੈਣਿ ਵਿਹਾਣੀ॥ ਗੁਰੁ ਉਪਦੇਸ ਨ ਵਿਸਰੈ ਬਾਬੀਹੇ ਜ਼ਿਉ ਆਖ ਵਖਾਣੀ॥ ਗੁਰਮੁਖ ਸੁਖ ਫਲੁ ਪ੍ਰੇਮ ਰਸ, ਸਹਜ ਸਮਾਧਿ ਸਾਧ ਸੰਗਿ ਜਾਣੀ॥ ਗੁਰੁ ਅਰਜਨ ਵਿਟਹੁ ਕੁਰਬਾਣੀ ॥੨੩॥ (੨੪)

ਪਿਓ ਦਾਦੇ ਪੜਦਾਦਿਓਂ ਕੁਲ ਦੀਪਕ ਅਜਰਾਵਰ ਨਤਾ॥ ਤਖਤ ਬਖਤ ਲੈ ਮਲਿਆ ਸਬਦ ਸੁਰਤਿ ਵਪਾਰ ਸਪਤਾ॥ ਗੁਰਬਾਣੀ ਭੰਡਾਰ ਭਰਿ ਕੀਰਤਨ ਕਥਾ ਰਹੇ ਰੰਗ ਰਤਾ ॥ ਧੁਨਿ ਅਨਹਦ ਨਿਝਰ ਝਰੈ, ਪੂਰਨ ਪ੍ਰੇਮ ਅਮਿਓ ਰਸ ਮਤਾ॥ ਸਾਧ ਸੰਗਤ ਹੈ ਗੁਰੁ ਸਭਾ ਰਤਨ ਪਦਾਰਥ ਵਣਜ ਸਹਤਾ॥ ਸਚ ਨੀਸਾਣ ਦੀਬਾਣ ਸਚ, ਸਚ ਤਾਣ ਸਚ ਮਾਣ ਮਹਤਾ॥ ਅਬਚਲ ਰਾਜ ਹੋਆ ਸਣਖਤਾ ॥੧੯॥

[ਚਲਦਾ

www.AKJ.Org

# ਜਗ-ਰਚਨਾ

[ਵਲੋਂ :—ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ]

ਇਹ ਸੰਸਾਰ, ਵਾਹਿਗੁਰੂ ਦੀ ਵਚਿਤਰ ਰਚਨਾ ਦਾ ਨਮੂਨਾ ਹੈ। ਰਚਨਹਾਰ ਆਪ ਸੁੰਦ੍ਰਾਵਲਾ ਹੈ, ਇਸ ਲਈ ਉਸ ਦੀ ਰਚਨਾ ਵੀ ਅਤੀਅੰਤ ਸੁੰਦਰ ਅਤੇ ਮਨ-ਮੋਹਣੀ ਹੈ। ਜਗਤ-ਰਚਨਾ ਕਿਉਂ ਅਤੇ ਕਿਵੇਂ ਹੋਈ, ਇਸ ਭੇਤ ਨੂੰ ਕਰਤੇ ਪੁਰਖ ਤੋਂ ਬਗ਼ੈਰ ਕੋਈ ਕੀ ਜਾਣ ਸਕਦਾ ਹੈ। ਪਰ ਇਹ ਇਕ ਅਟੱਲ ਸਚਾਈ ਹੈ ਕਿ ਸਮੁੱਚਾ ਸੰਸਾਰ ਸੱਚੇ ਵਾਹਿਗੁਰੂ ਦੀ ਸੱਚ ਕਮਾਉਣ ਲਈ ਰਚੀ ਹੋਈ ਸੱਚੀ ਧਰਮਸਾਲ ਹੈ। ਸਮੁਚਾ ਸੰਸਾਰ ਅਤੇ ਇਸ ਦੀ ਹਰੇਕ ਵਸਤੂ ਦੇ ਰਚੇ ਜਾਣ ਦਾ ਵਿਸ਼ੇਸ਼ ਮੰਤਵ ਜ਼ਰੂਰ ਹੈ। ਪ੍ਰਯੋਜਨ ਇਹ ਹੈ ਕਿ ਜਗਤ ਦੀ ਹਰੇਕ ਵਸਤੂ ਨੇ ਸੱਚ ਦੇ ਖਿਡਾਰੀ ਮਨੁੱਖ ਨੂੰ ਸੱਚ-ਪ੍ਰਾਪਤੀ ਲਈ ਆਪੋ ਆਪਣੀ ਥਾਵੇਂ ਸਹਾਇਤਾ ਕਰਨੀ ਹੈ। ਇਸੇ ਕਾਰਨ ਹੀ— ਇਹ ਜਗਤ-ਰਚਨਾ ਸੱਚੇ ਦੀ ਸੱਚੀ ਲੀਲ੍ਹਾ ਹੈ।

ਸੰਸਾਰ ਇਕ ਰਚਨਾ ਹੈ, ਪਰਕਿਰਤੀ ਹੈ ਤੇ ਇਹ ਈਸ਼ਵਰੀ ਨਿਯਮ ਹੈ ਕਿ ਪਰਕਿਰਤੀ ਵਿਚ ਹਰ ਪਲ, ਹਰ ਛਿਨ ਤਬਦੀਲੀ ਵਾਪਰਦੀ ਰਹਿੰਦੀ ਹੈ ਅਤੇ ਸਮਾਂ ਪਾ ਕੇ ਇਸਦਾ ਰੂਪ ਵਟੀਜਦਾ ਰਹਿੰਦਾ ਹੈ। ਦਿਸਣਹਾਰ ਸਾਰਾ ਜਗਤ-ਪਸਾਰਾ ਨਾਸ਼ਮਾਨ ਹੈ। ਇਸੇ ਲਈ ਸੰਸਾਰ ਨੂੰ ਸੁਪਨੇ ਦੀ ਨਿਆਈਂ ਚਲਾਇਮਾਨ ਕਰਕੇ ਹੀ ਦਰਸਾਇਆ ਹੋਇਆ ਹੈ—

ਸਮ ਸੁਪਨੈ ਕੈ ਇਹੁ ਜਗੁ ਜਾਨੁ ॥ ਬਿਨਸੈ ਛਿਨ ਮਹਿ ਸਾਚੀ ਮਾਨੁ ॥੧॥੫॥
[ਬਸੰਤੁ ਮ: ੯

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ। ੪੯॥ [ਸਲੋਕ ਮ: ੯

ਨਾਨਕ ਕਹਤ ਜਗਤੁ ਸਭੁ ਮਿਥਿਆ ਜਿਉ ਸੁਪਨਾ ਰੈਨਾਈ॥੨॥੧। [ਸਾਰੰਗ ਮ: ੯

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥੧॥ਰਹਾਉ॥੮॥
[ਸੋਰਠਿ ਮ: ੯

ਨੀਂਦਰ ਵਿਚ ਸੁਪਨਾ ਸਚਾ ਲਗਦਾ ਹੈ, ਪਰ ਨੀਂਦਰ ਉਘੜਦਿਆਂ ਹੀ ਸੁਪਨਾ ਐਵੇਂ ਖਿਆਲੀ ਦੁਨੀਆ ਦੀ ਖੇਡ ਪ੍ਰਤੀਤ ਹੁੰਦੀ ਹੈ। ਏਵੇਂ ਹੀ ਅਗਿਆਨਤਾ ਦੀ ਨੀਂਦ ਕਾਰਨ ਸੰਸਾਰ ਦੀ ਰਚਨਾ ਥਿਰ ਭਾਸਦੀ ਹੈ, ਪਰ ਅਗਿਆਨਤਾ ਦੀ ਨੀਂਦਰ ਖੁਲ੍ਹਦਿਆਂ ਹੀ ਯਥਾਰਥ ਦੀ ਸਮਝ ਪੈ ਜਾਂਦੀ ਹੈ ਕਿ ਇਹ ਨਾਸ਼ਮਾਨ ਹੈ।

ਸੰਸਾਰ ਧੂਏਂ ਦੇ ਪਹਾੜ ਵਾਂਗ ਹੈ—

ਇਹੁ ਜਗੁ ਧੂਏਂ ਕਾ ਪਹਾਰੁ ॥੧॥੪॥
[ਬਸੰਤ ਮ: ੯

ਸੰਸਾਰ ਪਾਣੀ ਦੇ ਬੁਲਬੁਲੇ ਵਤ ਹੈ—

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤਿ ॥ ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥ [ਸਲੋਕ ਮ: ੯

ਰੇਤ ਦੀ ਕੰਧ ਦੀ ਨਿਆਈਂ ਹੈ—

ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ ॥ ੧॥੧॥ [ਜੈਜਾਵੰਤੀ ਮ: ੯

ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥੧॥੮॥ [ਸੋਰਠਿ ਮ: ੯

ਮ੍ਰਿਗ ਤ੍ਰਿਸ਼ਨਾ ਅਤੇ ਬੱਦਲ ਦੀ ਛਾਂ ਵਾਂਗ ਮਿਥਿਆ ਹੈ—

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗੁ ਦੇਖਿ ਤਾਸਿ ਉਠਿ ਧਾਵੈ ॥੧॥੩॥ [ਗਉੜੀ ਮ: ੯

ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ ॥੨॥੨॥ [ਗਉੜੀ ਮ: ੯

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥੨॥੨॥ [ਗਉੜੀ ਮ: ੯

ਪਰ ਮਿਥਿਆ ਹੁੰਦਾ ਹੋਇਆ ਵੀ ਬਾਹਰੋਂ ਏਨਾ ਮਨਮੋਹਣਾ ਤੇ ਮਿੱਠਾ ਹੈ ਕਿ ਕਿਸੇ ਦਾ ਇਸ ਨੂੰ ਛਡਣ ਤੇ ਦਿਲ ਨਹੀਂ ਕਰਦਾ। "ਇਹ ਜਗ ਮਿੱਠਾ" ਇਕ ਮੁਹਾਵਰਾ ਬਣ ਗਿਆ ਹੋਇਆ ਹੈ। ਇਸ ਸੰਸਾਰ ਦੀ ਸੁੰਦਰਤਾ ਅਤੇ ਮਿਠਾਸ ਤੋਂ ਇਨਕਾਰ ਨਹੀਂ

[ਬਾਕੀ ਵੇਖੋ ਸਫ਼ਾ ੧੬ ਦੇ ਹੇਠ]



www.AKJ.Org

# ਬਿਰਹਾ

[ਵਲੋਂ :– ਗਿਆਨੀ ਗੋਪਾਲ ਸਿੰਘ ਜੀ ਮਿੱਤਰ, ਮਾਲਬ (ਗੁੜਗਾਉਂ)]

ਸੰਸਾਰੀ ਜੀਵਨ ਅੰਦਰ ਜਦੋਂ ਵੀ ਮਨੁੱਖ ਦਾ ਕੋਈ ਨਿਕਟ-ਵਰਤੀ ਸਜਣ ਕਾਲ-ਵੱਸ ਹੋ ਜਾਂਦਾ ਹੈ ਤਾਂ ਵਿਛੜੇ ਸਜਣ ਦੇ ਵਿਛੋੜੇ ਦਾ ਦੁਖ, ਸਹਿਣ ਨਾ ਹੋਣ ਕਰਕੇ ਹਿਰਦੇ ਵਿਚ ਵੈਰਾਗ ਉਤਪੰਨ ਹੁੰਦਾ ਹੈ। ਉਸ ਸਮੇਂ ਦੀ ਅਕੁਲਾਈ ਦਸ਼ਾ, ਅੱਖਾਂ ਵਿਚੋਂ ਵਗ ਰਹੇ ਹੰਝੂਆਂ ਰਾਹੀਂ ਦੇਖੀ ਜਾ ਸਕਦੀ ਹੈ।

ਮੋਹ ਮਾਇਆ ਵਿਚ ਪ੍ਰਵਿਰਤ ਹੋਏ ਮਨੁੱਖ ਦਾ ਨਿਰੰਕਾਰ ਅਕਾਲ ਪੁਰਖ ਦੀਆਂ ਬਖਸ਼ੀਆਂ ਦਾਤਾਂ ਨਾਲ ਇਤਨਾ ਪਿਆਰ ਹੈ ਕਿ ਇਹ ਉਨ੍ਹਾਂ ਦੇ ਖੁਸ ਜਾਣ ਦੇ ਵਿਯੋਗ ਵਿਚ ਬੇਹਬਲ ਹੋ ਕੇ ਰੋਂਦਾ ਹੋਇਆ ਆਪਣੇ ਜੀਵਨ ਨੂੰ ਦੁਖੀ ਕਰ ਬੈਠਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਐਸੇ ਮੰਦ ਵੈਰਾਗ ਨੂੰ ਵਿਕਾਰ ਦਸਿਆ ਹੈ—

> ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥ ਰੋਵਣੁ ਸਗਲ ਵਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥ ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥
>
> [ਵਡਹੰਸ ਮ: ੧, ਪੰਨਾ ੫੭੯

ਦੀਰਘ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਸੰਸਾਰੀ ਜੀਵਨ ਵਿਚ ਕੰਮ ਆਉਣ ਵਾਲੀਆਂ ਵਸਤਾਂ ਦੇ ਵਿਛੋੜੇ ਨੂੰ ਅਨੁਭਵ ਕਰਕੇ ਤਾਂ ਸਾਰਾ ਸੰਸਾਰ ਰੁਦਨ ਕਰਦਾ ਹੈ, ਪਰ ਇਨ੍ਹਾਂ ਵਸਤੂਆਂ ਦੇ ਦੇਣਹਾਰ ਵਾਹਿਗੁਰੂ ਨਿਰੰਕਾਰ ਦੇ ਵਿਛੋੜੇ ਨੂੰ ਕੋਈ ਵਿਰਲਾ ਹੀ ਮਹਿਸੂਸ ਕਰਦਾ ਹੈ। ਜਿਸ ਜਗਿਆਸੂ ਨੂੰ ਸਾਧ ਸੰਗਤ ਜਾਂ ਸਾਈਂ ਦੀ ਯਾਦ ਵਾਲੇ ਮਹਾਂ ਪੁਰਖਾਂ ਦੇ ਮੇਲ ਤੋਂ ਕੁਝ ਸੋਝੀ ਆਈ ਹੈ ਕਿ ਨਿਰੰਕਾਰ ਦਾ ਰਿਦੰਤਰ ਮੇਲ, ਜੋ ਨਾਮ ਦੇ ਜਾਪ ਦੁਆਰਾ ਪ੍ਰਾਪਤ ਹੁੰਦਾ ਹੈ, ਜੀਵਨ ਹੈ ਤੇ ਉਸ ਦੀ ਯਾਦ ਤੋਂ ਵਿਛੜਨਾ ਮੌਤ ਦੀ ਨਿਆਈਂ ਹੈ, ਉਨ੍ਹਾਂ ਨੂੰ ਹੀ ਪ੍ਰਤੀਤ ਹੁੰਦਾ ਹੈ—

> ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ ॥
>
> [ਵਾਰ ਗੂਜਰੀ, ਸਲੋਕ, ਪੰਨਾ ੫੨੦

ਵਿਛੋੜੇ ਦਾ ਦੁਖ ਸਹਾਰਨਾ ਉਨ੍ਹਾਂ ਲਈ ਔਖਾ ਹੈ। ਇਸ਼ ਦਸ਼ਾ ਨੂੰ ਵੀ ਆਦਿ ਸਤਿਗੁਰੂ ਜੀ ਨੇ ਆਸਾ ਰਾਗ ਵਿਚ ਦਰਸਾਇਆ ਹੈ—

> ਆਖਾ ਜੀਵਾ ਵਿਸਰੈ ਮਰਿ ਜਾਉ ॥
>
> [ਆਸਾ ਮ: ੫, ੩੪੯

ਪ੍ਰਭੂ ਪਿਆਰ ਦੇ ਮਤਵਾਲੇ ਲਈ ਭਗਤ ਕਬੀਰ ਜੀ ਵਾਂਗ ਇਕ ਪਲ ਵੀ ਵਿਛੋੜੇ ਵਿਚ ਜੀਵਨ ਬਿਤਾਣਾ ਔਖਾ ਹੋ ਜਾਂਦਾ ਹੈ—

> ਜਬ ਲਗੁ ਤਾਗਾ ਬਾਹਉ ਬੇਹੀ ॥ ਤਬ ਲਗੁ ਬਿਸਰੈ ਰਾਮੁ ਸਨੇਹੀ ॥੨॥
>
> [ਗੂਜਰੀ ਕਬੀਰ ਜੀ, ੫੨੪

ਵਿਛੋੜੇ ਦੇ ਬਿਰਹੁ ਦੀ ਅਗਨੀ ਉਸ ਨੂੰ ਹੱਡ ਸਾੜ ਰਹੀ ਭਾਸਦੀ ਹੈ। ਇਸ ਦਸ਼ਾ ਦਾ ਵਰਣਨ ਭਾਈ ਨੰਦ ਲਾਲ ਜੀ 'ਗੋਇਆ' ਨੇ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ—

> ਦਿਲੇ ਮਨ ਦਰ ਫ਼ਿਰਾਕੇ ਯਾਰ ਬਿਸੋਖ਼ਤ।
> ਜਾਨੇ ਮਨ ਬਹਰੇ ਆਂ ਨਿਗਾਰ ਬਿਸੋਖ਼ਤ।

ਉਲਥਾ :—ਬਾਝੋਂ ਯਾਰ ਪਿਆਰੇ ਦੇ, ਮੇਰੀ
ਜਿੰਦੜੀ ਤਨ ਵਿਚ ਗਲਦੀ ਆ।
ਅੰਦਰ ਅਗ ਵਿਛੋੜੇ ਵਾਲੀ
ਬਿਨ ਲਕੜਾਂ ਪਈ ਬਲਦੀ ਆ।

> ਮਨ ਨ ਤਨਹਾ ਬਿਸੋਖ਼ਤਮ ਅਜ਼ ਇਸ਼ਕ
> ਹਮਾਂ ਆਲਮ ਅਜ਼ੀਂ ਨਿਗਾਰ ਬਿਸੋਖ਼ਤ।

ਉਲਥਾ :—ਏਸ ਵਿਛੋੜੇ ਦੀ ਅਗਨੀ ਵਿਚ
ਮੈਂ ਨਹੀਂ ਕਲ੍ਹਾ ਸੜਿਆ।
ਸਾਰਾ ਜਗ ਹੀ ਇਸ ਬਲਦੀ
ਭੱਠੀ ਦੇ ਅੰਦਰ ਜਲਿਆ।

ਭਾਈ ਸਾਹਿਬ ਤਾਂ ਉਸ ਦੀ ਯਾਦ ਤੋਂ ਬਿਨਾਂ ਜਗਤ ਵਿਚ ਜੀਵਨ ਬਿਤਾਣਾ ਹੀ ਪਸੰਦ ਨਹੀਂ ਕਰਦੇ—

> "ਦਰ ਆਂ ਜ਼ਮਾਂ ਕਿ ਯਾਦ ਨ ਆਇਦ ਮੇ ਮੀਰਮ।
> ਬਗ਼ੈਰ ਯਾਦਿ ਤੋ ਜ਼ੀਂ ਜ਼ੀਸਤਨ ਚਿਹ ਸੂਦ ਮਰਾ।

ਉਲਥਾ :—ਜਿਸ ਵੇਲੇ ਤੂੰ ਯਾਦ ਨ ਆਵੇਂ,
ਮੈਂ ਜੀਂਦਾ ਮਰ ਜਾਵਾਂ।
ਤੇਰੀ ਯਾਦ ਬਿਨਾਂ ਮੈਂ ਪਿਆਰੇ,
ਮੈਂ ਨਾ ਜੀਵਨ ਚਾਹਵਾਂ।



www.AKJ.Org

ਬਾਬਾ ਫ਼ਰੀਦ ਜੀ ਨੇ ਪ੍ਰਭੂ-ਵਿਛੋੜੇ ਦੀ ਕਸਕ, ਪੀੜ ਵਿਹੂਣੇ ਹਿਰਦੇ ਨੂੰ ਮਰਘਟ ਸਮਾਨ ਦਸਿਆ ਹੈ—

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ
ਜਾਣੁ ਮਸਾਨੁ ॥੩੬॥

[ਸਲੋਕ ਫ਼ਰੀਦ ਜੀ, ੧੩੭੯

ਕਬੀਰ ਜੀ ਨੇ ਵੀ ਇਸ ਤੀਬਰ ਵੈਰਾਗ ਵਾਲੇ ਸਾਈਂ ਪਿਆਰਿਆਂ ਦੀ ਮਸਤਾਨੀ ਦਸ਼ਾ ਦਾ ਵਰਣਨ ਕੀਤਾ ਹੈ—

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ
ਮਾਨੈ ਕੋਇ ॥ ਰਾਮ ਬਿਓਗੀ ਨਾ ਜੀਐ
ਜੀਐ ਤ ਬਉਰਾ ਹੋਇ ॥੭੬॥

[ਸਲੋਕ ਕਬੀਰ ਜੀ, ੧੩੬੮

ਭਾਵ ਜਿਸ ਮਨੁੱਖ ਦੇ ਹਿਰਦੇ ਵਿਚ ਵਾਹਿਗੁਰੂ ਨਿਰੰਕਾਰ ਦੇ ਰਿਦੰਦਰਿ ਮੇਲ ਤੋਂ ਵਿਛੜੇ ਹੋਣ ਦਾ ਇਹਸਾਸ ਹੈ, ਉਹ ਸੰਸਾਰੀ ਲੋਕਾਂ ਦੀ ਨਜ਼ਰ ਵਿਚ ਕਮਲਾ ਤੇ ਬਉਰਾਨਾ ਹੈ । ਉਹ ਲਾ-ਇਲਾਜ ਮਰੀਜ਼ ਹੈ ।

ਪੰਜਾਬੀ ਦੇ ਮਹਾਨ ਕਵੀ ਤੇ ਰੂਹਾਨੀ ਫ਼ਿਲਾਸਫ਼ਰ ਭਾਈ ਵੀਰ ਸਿੰਘ ਜੀ ਨੇ ਇਕ 'ਵਿਛੋੜਾ ਵਸਲ' ਰੁਬਾਈ ਵਿਚ ਅਧਿਆਤਮ ਮਾਰਗ ਦੇ ਪੰਧਾਊਆਂ ਦੀ ਗਿਆਤ ਲਈ ਦਸਿਆ ਹੈ ਕਿ ਪ੍ਰਭੂ-ਯਾਦ ਤੋਂ ਵਿਛੜਿਆ, ਭਾਵ, ਰਿਤੰਦਰ ਮੇਲ ਵਿਹੂਣਾ ਜੀਵਾਤਮਾ ਉਸ ਕੋਲੇ ਦੀ ਨਿਆਈਂ ਹੈ ਜੋ ਅਗਨਿ, ਭਾਵ, ਆਪਣੇ ਅਸਲੇ ਤੋਂ ਵੱਖ ਹੋ ਚੁਕਾ ਹੈ । ਜਦੋਂ ਅਸਲੇ ਨਾਲ ਮੇਲ ਹੋਵੇਗਾ, ਉਸ ਦਾ ਰੂਪ ਹੋ ਕੇ ਸਮਾਈ ਪ੍ਰਾਪਤ ਕਰ ਲਵੇਗਾ; ਜਿਵੇਂ ਕੋਲਾ ਅਗਨੀ ਨਾਲ ਮਿਲ ਕੇ ਅਗਨੀ ਰੂਪ ਹੋ ਜਾਂਦਾ ਹੈ—

ਸਾਬਣ ਲਾ ਲਾ ਧੋਤਾ ਕੋਲਾ,
ਦੁੱਧ ਦਹੀਂ ਵਿਚ ਪਾਇਆ ।
ਖੁੰਭ ਚਾੜ੍ਹ ਰੰਗਣ ਵੀ ਧਰਿਆ,
ਪਰ ਰੰਗ ਨ ਉਸ ਵਟਾਇਆ ।
ਵਿਛੜ ਕੇ ਕਾਲਖ ਸੀ ਆਈ,
ਬਿਨ ਮਿਲਿਆਂ ਨ ਲਹਿੰਦੀ;
ਅੰਗ ਅੱਗ ਦੇ ਲਾ ਕੇ ਦੇਖੋ,
ਚੜ੍ਹਦਾ ਰੂਪ ਸਵਾਇਆ ।

# ਰਾਮਦਾਸ ਪੁਰ

[ਵਲੋਂ :— ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਮਾਲਬ (ਗੁੜਗਾਉਂ)]

ਸੋਢੀ ਸੁਲਤਾਨ ਧੰਨ ਧੰਨ ਗੁਰੂ ਰਾਮਦਾਸ, ਸਚਖੰਡ ਧਰਤੀ ਤੇ ਵਸਾਇਆ ਰਾਮਦਾਸ-ਪੁਰ ।
ਧੁੰਮਾਂ ਪਈਆਂ ਦੇਸ-ਪਰਦੇਸਾਂ ਵਿਚ ਖ਼ਬਰ ਹੋਈ, ਸੋਹਣਾ ਨਗਰ ਜਗ ਤੇ ਸੁਹਾਇਆ ਰਾਮਦਾਸ-ਪੁਰ ।
ਖਤ੍ਰੀ ਤੇ ਬ੍ਰਾਹਮਣ, ਸੂਦ, ਵੈਸ਼ ਚਾਰੇ ਵਰਨ ਆਕੇ ਵਸੇ ਜਿਥੇ, ਸਭ ਦੇ ਮਨ ਭਾਇਆ ਰਾਮਦਾਸ-ਪੁਰ ।
ਵਧੀ ਸੌਦਾਗਰੀ ਤੇ ਬਣ ਗਈ ਵਪਾਰ ਮੰਡੀ, ਵਧਦਾ ਗਿਆ ਤੇਜ ਸਵਾਇਆ ਰਾਮਦਾਸ-ਪੁਰ ।੧।

'ਪੂਰਨ ਖਟਾਇਆ ਤਾਲ' ਸੋਹਣਾ ਅਸਥਾਨ ਵੇਖ, ਪਹਿਲਾਂ ਜਿਥੇ ਆਦਿ ਗੁਰ[1] ਜੋਤਾਂ ਸੀ ਜਗਾਈਆਂ ।
'ਧੰਨ ਗੁਰੂ ਰਾਮਦਾਸ' ਰਸਨਾ ਤੋਂ ਉਚਾਰਦੀਆਂ, ਸੇਵਾ ਲਈ ਸੰਗਤਾਂ ਦੂਰੋਂ ਦੂਰੋਂ ਚਲ ਆਈਆਂ ।
ਪੁਜ ਪੁਜ ਸਤਿਗੁਰੂ ਸ਼ਰਨ ਜਸ ਸ੍ਰਵਣ ਕਰ, ਦਾਤਾਂ ਲੈ ਕੇ ਸਿਮਰਨ ਦੀਆਂ ਦੂਣੀਆਂ ਸਵਾਈਆ ।
ਦੇਂਦੀਆਂ ਸੁਨੇਹੇ ਜਾ ਕੇ 'ਨ੍ਹਾਇਐ ਰਾਮਦਾਸ ਸਰ'' ਰਾਮਦਾਸ-ਪੁਰ ਦੀਆਂ ਕਰਨ ਵਡਿਆਈਆਂ ।੨।

'ਰਾਮਦਾਸ-ਸਰ' ਹੈ ਕਿ 'ਅੰਮ੍ਰਿਤ ਸਰੋਵਰ ਹੈ, ਜਿੱਥੇ ਨ੍ਹਾ ਕੇ ਹੰਸ ਰੂਪ ਹੁੰਦੇ ਡਿੱਠੇ ਕਾਗ ਨੇ ।
ਸੋਹਣਾ ਹਰਿਮੰਦਰ ਜਿਸ ਦੀ ਸ਼ੋਭਾ ਅਨੂਪਮ ਹੈ, ਮਿਲਣ ਭੋਗ, ਮੋਖ, ਸਹਿਜ ਪਿਆਰ ਵੈਰਾਗ ਨੇ ।
ਜੁੜੇ ਜਗਿਆਸੂਆਂ ਦੀ ਸੁਰਤ ਨਿਜਾਨੰਦ ਵਿਚ, ਸ਼ਬਦ ਪਾ ਕੇ ਗਾਏ ਜਾਂਦੇ ਰਸ-ਮਈ ਰਾਗ ਨੇ ।
ਸਿਦਕ ਨਾਲ ਜਿਹੜਾ ਏਸ ਦਰ ਤੇ ਝੁਕਾਏ ਸਿਰ, ਜਾਗ ਪੈਂਦੇ ਉਸ ਦੇ 'ਮਿੱਤਰ' ਸੁੱਤੇ ਹੋਏ ਭਾਗ ਨੇ ।੩।

੧. ਸ੍ਰੀ ਗੁਰੂ ਨਾਨਕ ਦੇਵ ਜੀ


www.AKJ.Org

# ਪਰਮਾਤਮਾ ਦੀ ਖੋਜ

[ਵਲੋਂ :—ਭਾਈ ਰਾਮ ਚੰਦ ਜੀ ਭਟਿਆਣੀ, ਕਲਕੱਤਾ]

ਭਾਈ ਰਾਮ ਚੰਦ ਜੀ ਭਟਿਆਣੀ ਕਲਕੱਤਾ ਨਿਵਾਸੀ ਗੁਰੂ ਘਰ ਦੇ ਸ਼ਰਧਾਲੂ ਪ੍ਰੇਮੀ ਹਨ। ਆਪ ਜੀ ਜਹੇ ਕਈ ਸਜਣ ਭਾਈ ਸਾਹਿਬ ਜੀਵਨ ਸਿੰਘ ਜੀ ਰਾਗੀ ਪਟਨਾ ਸਾਹਿਬ ਦੀ ਪ੍ਰੀਤੀ-ਪ੍ਰੇਰਨਾ ਸਦਕਾ ਗੁਰਬਾਣੀ-ਕੀਰਤਨ ਵਲ ਖਿਚੇ ਗਏ ਹਨ। ਕਲਕੱਤੇ ਵਿਖੇ ਭਾਈ ਰਾਮ ਚੰਦ ਜੀ ਨੂੰ ਸਨਾਤਨ ਧਰਮ ਦੇ ਕੁਝ ਸੋਝੀਵਾਨਾਂ ਦੀ ਸੰਗਤ ਵਿਚ ਜਾਣ ਦਾ ਮੌਕਾ ਮਿਲਦਾ ਰਿਹਾ, ਜਿਥੇ ਪਰਮਾਤਮਾਂ ਦੇ ਅਨੇਕਾਂ ਵਿਸ਼ਿਆਂ ਤੇ ਵਿਚਾਰਾਂ ਹੁੰਦੀਆਂ ਸਨ। ਇਕੇਰਾਂ ਟਿਨ੍ਹਾਂ ਨੂੰ ਆਖਿਆ ਗਿਆ ਕਿ ਆਪ ਕੁਝ ਸੁਣਾਓ ਤਾਂ ਆਪ ਨੇ ਕਿਹਾ ਕਿ ਮੈਨੂੰ ਤਾਂ ਗੁਰਬਾਣੀ ਤੋਂ ਬਿਨਾਂ ਕੁਝ ਨਹੀਂ ਆਂਦਾ। ਉਨ੍ਹਾਂ ਕਿਹਾ, ਤੁਸੀਂ ਗੁਰਬਾਣੀ ਹੀ ਸੁਣਾ ਦਿਓ। ਵਿਸ਼ਾ ਚਲ ਰਿਹਾ ਸੀ—"ਈਸ਼ਵਰ ਦਾ ਅੰਤ ਨਹੀਂ"। ਉਨ੍ਹਾਂ ਵਾਜਾ ਮੰਗਵਾ ਦਿਤਾ ਤੇ ਆਪ ਨੇ ਇਹ ਸ਼ਬਦ ਗੁਰੂ ਚਰਨਾਂ ਵਿਚ ਜੁੜ ਕੇ ਗਾਇਨ ਕੀਤੇ—

(ੳ) ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ, ਹਉ ਕੇਵਡੁ ਆਖਾ ਨਾਉ ॥ (ਪੰਨਾ ੧੪)
(ਅ) ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ ॥......(ਪੰਨਾ ੫੩੪)
(ੲ) ਊਚਾ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥......(ਪੰਨਾ ੮੮੨)
(ਸ) ਅੰਤੁ ਨ ਸਿਫਤੀ ਕਹਣਿ ਨ ਅੰਤੁ ॥......(ਜਪੁਜੀ)

ਸ੍ਰੋਤਾ ਜਨ ਸੁਣ ਕੇ ਬੜੇ ਪ੍ਰਭਾਵਤ ਹੋਏ ਅਤੇ ਕਈ ਸਜਣ ਇਨ੍ਹਾਂ ਦੇ ਨਾਲ ਹੀ ਗੁਰਬਾਣੀ-ਕੀਰਤਨ ਦੇ ਆਸ਼ਕ ਹੋ ਨਿਬੜੇ।

—ਸਪਾਦਕ

ਦੁਨੀਆ ਵਿਚ ਬਹੁਤੇ ਲੋਕੀ ਪਰਮਾਤਮਾ ਦੀ ਹੋਂਦ ਨੂੰ ਮੰਨਦੇ ਹਨ ਤੇ ਉਸ ਹੋਂਦ ਨੂੰ ਮੰਨਦਿਆਂ ਹੋਇਆਂ ਵਖ ਵਖ ਰਸਤਿਆਂ ਨਾਲ ਉਸ ਨੂੰ ਖੋਜਦੇ ਹਨ। ਵਖ ਵਖ ਰਸਤਿਆਂ ਤੇ ਤੁਰਨ ਵਾਲਿਆਂ ਦੇ ਵਖੋ ਵਖਰੇ ਮਤ ਬਣ ਗਏ। ਸਭ ਮਤ ਆਪੋ ਆਪਣੇ ਵਿਚਾਰਾਂ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਦੇ ਰਾਹ ਦਰਸਾਉਂਦੇ ਹਨ। ਆਮ ਕਰਕੇ ਮਨੁੱਖ ਜਿਸ ਘਰਾਣੇ ਵਿਚ ਜਨਮ ਲੈਂਦੇ ਹਨ ਉਹੋ ਹੀ ਉਨ੍ਹਾਂ ਦਾ ਧਰਮ ਹੋ ਜਾਂਦਾ ਹੈ, ਕਿਉਂਕਿ ਬੱਚੇ ਤੇ ਜਿਹੋ ਜਿਹਾ ਮਾਤਾ ਪਿਤਾ ਦਾ ਪ੍ਰਭਾਵ ਪੈਂਦਾ ਹੈ ਉਹ ਉਸੇ ਧਰਮ ਦੇ ਪ੍ਰਭਾਵ ਹੇਠ ਪਲ੍ਰਦਾ ਹੈ ਅਤੇ ਵਡਾ ਹੋ ਕੇ ਉਸੇ ਧਰਮ ਦਾ ਧਾਰਨੀ ਬਣਦਾ ਹੈ। ਕੋਈ ਵਿਰਲੇ ਪੁਰਸ਼ ਹੀ ਵਖ ਵਖ ਵਿਚਾਰਾਂ ਦਾ ਅਧਿਐਨ ਕਰਦੇ ਹਨ ਅਤੇ ਖੋਜ ਭਾਲ ਕੇ ਤਤ ਵਸਤੂ ਦੇ ਵਪਾਰੀ ਬਣਦੇ ਹਨ।

---

(੧੩ ਸਫ਼ੇ ਦੀ ਬਾਕੀ)

ਕੀਤਾ ਜਾ ਸਕਦਾ; ਪਰ ਇਸ ਦਾ ਸਹੀ ਲਾਭ ਉਸ ਨੂੰ ਹੀ ਹੁੰਦਾ ਹੈ ਜੋ ਇਸ ਦੀ ਸੁੰਦਰਤਾ ਨੂੰ ਮਾਣਦਾ ਹੋਇਆ, ਇਸ ਦੀ ਮਿਠਾਸ ਦਾ ਅਨੰਦ ਲੈਂਦਾ ਹੋਇਆ, ਆਪਣੀ ਸੁਰਤੀ ਨੂੰ, ਸੰਸਾਰ ਦੀ ਮਾਇਕੀ ਛਿਨ ਭੰਗਰ ਸੁੰਦਰਤਾ ਤੇ ਰਸਾਂ ਵਿਚ ਖੱਚਤ ਕਰਨ ਦੀ ਬਜਾਏ, ਸੁੰਦ੍ਰਾਵਲੇ ਤੇ ਮਿਠੜੇ ਪ੍ਰਭੂ ਨਾਲ ਜੋੜੀ ਰਖਦਾ ਹੈ। ਮਨੁੱਖ ਦੀ ਖ਼ੁਸ਼ੀ ਤੇ ਸ਼ਾਂਤੀ ਦਾ ਨਿਰਭਰ ਇਸ ਨੁਕਤੇ ਨੂੰ ਸਮਝਣ ਉਤੇ ਹੈ। ਜੋ ਇਸ ਭੇਦ ਨੂੰ ਸਮਝ ਲਏ ਉਸ ਲਈ ਜਗਤ ਸੱਚੇ ਦੀ ਕੋਠੜੀ ਹੋ ਨਿਬੜਦਾ ਹੈ ਤੇ ਉਹ ਇਥੇ ਸੱਚ ਦੀ ਕਮਾਈ ਕਰਕੇ ਦਰਗਾਹ ਵਿਚ ਸੁਰਖ਼ਰੂ ਜਾ ਹੁੰਦਾ ਹੈ। ਜੋ ਇਸ ਨੁਕਤੇ ਤੋਂ ਖੁੰਝ ਜਾਂਦਾ ਹੈ ਉਹ ਨਾਸ਼ਮਾਨ ਜਗਤ ਦੇ ਨਾਸ਼ਮਾਨ ਪਦਾਰਥਾਂ ਨੂੰ ਭੋਗ ਭੋਗ ਕੇ ਭੋਗਾਂ ਵਿਚ ਹੀ ਪਚ ਮਰਦਾ ਹੈ।

[ਪੁਸਤਕ "ਸਟੀਕ ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ" ਵਿਚੋਂ



www.AKJ.Org

ਗੁਰਮਤਿ ਅਨੁਸਾਰ ਪਰਮਾਤਮਾ (ਵਾਹਿਗੁਰੂ) ਹਰ ਜਗ੍ਹਾ ਮੌਜੂਦ ਹੈ, ਸਰਬ ਵਿਆਪਕ ਹੈ ਤੇ ਸਦਾ ਅੰਗ ਸੰਗ ਹੈ :—

**ਗੁਰੂ ਨਾਨਕ ਦੇਵ ਸਾਹਿਬ ਜੀ—**

ਘਟਿ ਘਟਿ ਰਵਿ ਰਹਿਆ ਬਨਵਾਰੀ ॥
ਜਲਿ ਥਲਿ ਮਹੀਅਲਿ ਗੁਪਤੋ ਵਰਤੈ
ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥
ਮਰਤ ਪਇਆਲ ਅਕਾਸੁ ਦਿਖਾਇਓ
ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥
ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ
ਘਟਿ ਭੀਤਰਿ ਦੇਖੁ ਮੁਰਾਰੀ ਜੀਉ ॥੨॥

[ਸੋਰਠਿ ਮਹਲਾ ੧, ਪੰਨਾ ੫੯੭-੯੮

ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ
ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ਰਹਾਉ॥

[ਸੋਰਠਿ ਮਹਲਾ ੧, ਪੰਨਾ ੫੯੮

**ਗੁਰੂ ਅਮਰਦਾਸ ਸਾਹਿਬ ਜੀ—**

ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ
ਪਾਤਾਲਾ ॥ ਕਾਇਆ ਅੰਦਰਿ ਜਗਜੀਵਨ
ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ ॥...੨॥

[ਸੂਹੀ ਮਹਲਾ ੩, ਪੰਨਾ ੭੫੪

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ
ਸਾਦੁ ਨ ਪਾਇਆ ॥ ਜਿਉ ਕਸਤੂਰੀ ਮਿਰਗੁ
ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥
ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ
ਖੁਆਇਆ ॥ ਗੁਰਮੁਖਿ ਵਿਰਲੇ ਸੋਝੀ ਪਈ
ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥

[ਸੋਰਠ ਵਾਰ, ਮ: ੩, ਪੰਨਾ ੬੪੪

**ਗੁਰੂ ਰਾਮਦਾਸ ਸਾਹਿਬ ਜੀ—**

ਹਰਿ ਅੰਦਰਿ ਬਾਹਰਿ ਇਕੁ ਤੂੰ, ਤੂੰ ਜਾਣਹਿ
ਭੇਤੁ ॥ ਜੋ ਕੀਚੈ ਸੋ ਹਰਿ ਜਾਣਦਾ ਮੇਰੇ
ਮਨ ਹਰਿ ਚੇਤੁ ॥...੫॥

[ਸਿਰੀਰਾਗ ਕੀ ਵਾਰ, ਪੰਨਾ ੮੩

**ਗੁਰੂ ਅਰਜਨ ਦੇਵ ਸਾਹਿਬ ਜੀ—**

ਸਭੁ ਕਿਛੁ ਘਰ ਮਹਿ ਬਾਹਰਿ ਨਾਹੀ ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥

[ਮਾਝ ਮਹਲਾ ੫, ਪੰਨਾ ੧੦੨

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ
ਸਿਰਜਨਹਾਰੁ ॥ ਅਨਿਕ ਭਾਂਤਿ ਹੋਇ
ਪਸਰਿਆ ਨਾਨਕ ਏਕੰਕਾਰ ॥੧॥

[ਥਿਤੀ ਗਉੜੀ ਮ: ੫ ਸਲੋਕ, ਪੰਨਾ ੨੯੬

ਦਹਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ
ਹਰਿ ਪਾਇਅੜਾ ਘਰਿ ਆਏ ਰਾਮ ॥ ਹਰਿ
ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ
ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥

[ਬਿਹਾਗੜਾ ਮ: ੫ ਛੰਤ, ਪੰਨਾ ੫੪੨

ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ
ਬਿਆਪਿ ਰਹਿਆ ਭਗਵੰਤ ॥ ਧਰਨਿ ਮਾਹਿ
ਆਕਾਸ ਪਇਆਲ ॥ ਸਰਬ ਲੋਕ ਪੂਰਨ
ਪ੍ਰਤਿਪਾਲ ॥ ਬਨਿ ਤਿਨਿ ਪਰਬਤਿ ਹੈ
ਪਾਰਬ੍ਰਹਮੁ ॥ ਜੈਸੀ ਆਗਿਆ ਤੈਸਾ ਕਰਮੁ ॥
ਪਉਣ ਪਾਣੀ ਬੈਸੰਤਰ ਮਾਹਿ ॥ ਚਾਰਿ ਕੁੰਟ
ਦਹਦਿਸੇ ਸਮਾਹਿ ॥ ਤਿਸ ਤੇ ਭਿੰਨ ਨਹੀ ਕੋ
ਠਾਉ ॥ ਗੁਰਪ੍ਰਸਾਦਿ ਨਾਨਕ ਸੁਖੁ ਪਾਉ ॥੨॥

[ਸੁਖਮਨੀ ਮ: ੫, ਪੰਨਾ ੨੯੩-੯੪

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ
ਮਹਿ ਘੀਆ ॥ ਊਚ ਨੀਚ ਮਹਿ ਜੋਤਿ
ਸਮਾਣੀ ਘਟਿ ਘਟਿ ਮਾਧਉ ਜੀਆ ॥੧॥
ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥
ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ
ਰਮਈਆ ਆਹਿਓ ॥੧॥ ਰਹਾਉ ॥

[ਸੋਰਠਿ ਮ: ੫, ਪੰਨਾ ੬੧੭

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ
ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ
ਸੁਆਮੀ ਮੇਰਾ ॥੧॥ ਰਹਾਉ ॥ ਨਗਰ ਮਹਿ
ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ
ਸਗਲ ਬਸੇਰਾ ॥

[ਬਿਲਾਵਲੁ ਮਹਲਾ ੫, ਪੰਨਾ ੮੨੭



www.AKJ.Org

## ਗੁਰੂ ਤੇਗ ਬਹਾਦਰ ਸਾਹਿਬ ਜੀ—

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ ॥੧॥ ਰਹਾਉ ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ
ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ
ਘਟ ਹੀ ਖੋਜਹੁ ਭਾਈ ॥੧॥
ਬਾਹਰਿ ਭੀਤਰਿ ਏਕੋ ਜਾਨਹੁ
ਇਹੁ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ ॥੨॥੧॥

[ਧਨਾਸਰੀ ਮਹਲਾ ੯, ਪੰਨਾ ੬੮੪

ਘਟ ਘਟ ਮਹਿ ਹਰਿ ਜੂ ਬਸੈ ਸੰਤਨ ਕਹਿਓ
ਪੁਕਾਰਿ ॥ ਕਹੁ ਨਾਨਕ ਤਿਹ ਭਜੁ ਮਨਾ
ਭਉਨਿਧਿ ਉਤਰਹਿ ਪਾਰਿ ॥੧੨॥

[ਸਲੋਕ ਮ: ੯, ਪੰਨਾ ੧੪੨੬

## ਗੁਰੂ ਗੋਬਿੰਦ ਸਿੰਘ ਸਾਹਿਬ ਜੀ—

ਜਲੇ ਹਰੀ ॥ ਥਲੇ ਹਰੀ ॥
ਉਰੇ ਹਰੀ ॥ ਬਨੇ ਹਰੀ ॥੧॥੫੧॥
ਗਿਰੇ ਹਰੀ ॥ ਗੁਫੇ ਹਰੀ ॥
ਛਿਤੇ ਹਰੀ ॥ ਨਭੇ ਹਰੀ ॥੨॥੫੨॥
ਈਹਾਂ ਹਰੀ ॥ ਊਹਾਂ ਹਰੀ ॥
ਜਿਮੀ ਹਰੀ ॥ ਜਮਾਂ ਹਰੀ ॥੩॥੫੩॥

[ਅਕਾਲ ਉਸਤਤਿ

## ਭਗਤ ਕਬੀਰ ਜੀ—

ਕਬੀਰ ਮੁੱਲਾਂ ਮੁਨਾਰੇ ਕਿਆ ਚਢਹਿ ਸਾਂਈ
ਨ ਬਹਰਾ ਹੋਇ ॥ ਜਾ ਕਾਰਨਿ ਤੂੰ ਬਾਂਗ
ਦੇਹਿ ਦਿਲ ਹੀ ਭੀਤਰਿ ਜੋਇ ॥੧੮੪॥

[ਸਲੋਕ ਕਬੀਰ ਜੀ, ਪੰਨਾ ੧੩੭੪

## ਸ਼ੇਖ ਫ਼ਰੀਦ ਜੀ—

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ
ਕੰਡਾ ਮੋੜੇਹਿ ॥ ਵਸੀ ਰਬੁ ਹਿਆਲੀਐ
ਜੰਗਲੁ ਕਿਆ ਢੂਢੇਹ ॥੧੯॥

[ਸਲੋਕ ਫਰੀਦ ਜੀ, ਪੰਨਾ ੧੩੭੮

## ਭਗਤ ਨਾਮਦੇਵ ਜੀ—

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ
ਬਿਨਾ ਕੋ ਬੋਲੈ ਰੇ ॥੧॥ ਰਹਾਉ ॥ ਏਕਲ
ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ
ਰੇ ॥ ਅਸਥਾਵਰ ਜੰਗਮ ਕੀਟ ਪਤੰਗਮ ਘਟਿ
ਘਟਿ ਰਾਮ ਸਮਾਨਾ ਰੇ ॥੧॥ ਏਕਲ ਚਿੰਤਾ
ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥
ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ
ਦਾਸਾ ਰੇ ॥੨॥੩॥ [ਮਾਲੀ ਗਉੜਾ, ਪੰਨਾ ੯੮੮
ਏਕ ਅਨੇਕ ਬਿਆਪਕ ਪੂਰਕ ਜਤ ਦੇਖਉ
ਤਤ ਸੋਈ ॥ ਮਾਇਆ ਚਿਤ੍ਰ ਬਚਿਤ੍ਰ
ਬਿਮੋਹਿਤ ਬਿਰਲਾ ਬੂਝੈ ਕੋਈ ॥੧॥ ਸਭੁ
ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦ ਬਿਨੁ
ਨਹੀ ਕੋਈ ॥ ਸੂਤੁ ਏਕੁ ਮਣਿ ਸਤ ਸਹੰਸ
ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥

[ਆਸਾ ਨਾਮਦੇਉ ਜੀ, ਪੰਨਾ ੪੮੫

ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ
ਸੰਸਾਰੁ ਨਹੀ ॥ ਥਾਨ ਥਨੰਤਰਿ ਨਾਮਾ ਪ੍ਰਣਵੈ
ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥

[ਆਸਾ, ਪੰਨਾ ੪੮੫

## ਭਗਤ ਪੀਪਾ ਜੀ—

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ
ਜੰਗਮ ਜਾਤੀ ॥ ਕਾਇਅਉ ਧੂਪ ਦੀਪ ਨਈਬੇਦਾ
ਕਾਇਅਉ ਪੂਜਉ ਪਾਤੀ ॥੧॥ ਕਾਇਆ ਬਹੁ ਖੰਡ
ਖੋਜਤੇ ਨਵਨਿਧਿ ਪਾਈ ॥ ਨਾ ਕਛੁ ਆਇਬੋ ਨਾ
ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥ ਜੋ
ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ
ਲਖਾਵੈ ॥੨॥੩॥ [ਧਨਾਸਰੀ, ਪੰਨਾ ੬੯੫

ਉਪਰ ਲਿਖੀ ਬਾਣੀ ਤੋਂ ਇਹ ਸਿਧ ਹੁੰਦਾ ਹੈ ਕਿ ਪਰਮਾਤਮਾ (ਵਾਹਿਗੁਰੂ) ਸਰਬ ਵਿਆਪਕ ਹੈ ਤੇ ਹਰ ਥਾਂ ਮੌਜੂਦ ਹੈ, ਪਰੰਤੂ ਉਹ ਲਭਦਾ ਕਿਸ ਤਰ੍ਹਾਂ ਹੈ, ਹੇਠ ਲਿਖੇ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਦਸਦੇ ਹਨ :—

ਸਾਜਨੜਾ ਮੇਰਾ ਸਾਜਨੜਾ ਨਿਕਟਿ

(ਬਾਕੀ ੧੯ ਸਫ਼ੇ ਤੇ ਦੂਜੇ ਕਾਲਮ ਹੇਠ)



www.AKJ.Org

# ਮਾਸਾਹਾਰ ਬਾਰੇ ਡਾਕਟਰੀ ਵਿਚਾਰ

[ਵਲੋਂ :—ਡਾ: ਉੱਤਮ ਸਿੰਘ ਜੀ ਨੇਚਰੋਪੈਥ, F 9/1 ਮਾਲਵੀਆ ਨਗਰ, ਨਵੀਂ ਦਿੱਲੀ—17]

ਮਨੁੱਖੀ ਜੀਵਨ ਵਿਚ ਡੂੰਘੀ ਵਿਚਾਰ ਅਤਿ ਜ਼ਰੂਰੀ ਹੈ ਅਤੇ ਇਸੇ ਦੀ ਘਾਟ ਲਗ ਪਗ ਸਾਰਾ ਜੀਵਨ ਸਾਨੂੰ ਅਨੁਭਵ ਹੁੰਦੀ ਰਹਿੰਦੀ ਹੈ । ਅਜ ਕਲ ਦੀ ਦੁਨੀਆਵੀ ਪੜ੍ਹਾਈ, ਜਿਸ ਨੂੰ ਅਸੀਂ ਸਕੂਲਾਂ ਕਾਲਜਾਂ ਵਿਚ ਪੜ੍ਹ ਕੇ ਰੋਜ਼ੀ ਲਈ ਕੰਮ ਕਾਰ ਅਰੰਭ ਦਿੰਦੇ ਹਾਂ, ਵੀ ਬੜੀਆਂ ਤਰੁਟੀਆਂ ਅਤੇ ਦੋਸ਼ ਭਰੀ ਹੈ (ਉਦੇਸ਼ ਕਰ ਕੇ ਸ਼ੁੱਧ ਖਾਣ ਪਾਣ ਅਤੇ ਠੀਕ ਵਸਤਰਾਂ ਬਾਰੇ) ।

ਜਦੋਂ ਮਨੁੱਖਾ ਜੀਵਨ ਦਾ ਕੋਈ ਸਰਬ ਉੱਚ ਉਦੇਸ਼ ਨਹੀਂ ਬਣ ਆਉਂਦਾ ਤਾਂ ਅਸੀਂ ਹਰ ਵੇਲੇ ਹਰ ਸਥਾਨ ਤੇ ਮਾਰ ਕੁੱਟ, ਮਨੁੱਖਾਂ ਅਤੇ ਪਸ਼ੂਆਂ ਦੋਹਾਂ ਉੱਤੇ, ਅਤੇ ਬੇਲੋੜੇ ਜੰਗ, ਯੁੱਧ ਅਤੇ ਦੂਜਿਆਂ ਉੱਤੇ ਜ਼ੁਲਮ ਆਦਿ ਹੁੰਦਾ ਵੇਖਦੇ ਹਾਂ ਅਤੇ ਇਨ੍ਹਾਂ ਦਾ ਪਰਭਾਵ ਸਾਡੇ ਤੇ ਵੀ ਪੈਂਦਾ ਹੈ । ਇਸੇ ਪਰਭਾਵ ਸਦਕਾ ਹੀ ਅਸੀਂ ਸਮਝ ਬੈਠਦੇ ਹਾਂ ਕਿ ਜੋ ਮਨੁੱਖ ਆਪਣੇ ਭੋਜਨ ਲਈ ਦੂਜਿਆਂ ਜੀਵਾਂ ਦੀ ਹਤਿਆ ਕਰਦੇ ਹਨ, ਓਹ ਸਮਝਦੇ ਹਨ ਉਹ ਗ਼ਲਤੀ ਨਹੀਂ ਕਰਦੇ । ਪਰ ਸੱਚ ਤਾਂ ਇਹ ਹੈ ਕਿ ਅਜਿਹੇ ਜ਼ਾਲਮ ਮਨੁੱਖ ਕੁਦਰਤ ਦੇ ਨਿਯਮਾਂ ਨੂੰ ਹੀ ਨਹੀਂ ਜਾਣਦੇ ।

ਜੇ ਅਸੀਂ ਕੁਦਰਤ ਦੇ ਨਿਯਮਾਂ ਨੂੰ ਜਾਣ ਲਈਏ ਤਾਂ ਸਾਨੂੰ ਇਹ ਪਤਾ ਲਗ ਜਾਵੇਗਾ ਕਿ ਮਾਸ ਦਾ ਖਾਣਾ ਹੀ, ਅਰਥਾਤ ਮਾਸਾਹਾਰ ਤੋਂ ਦੂਰ ਰਹਿਣਾ ਹੀ ਮਨੁੱਖੀ ਜੀਵਨ ਲਈ ਇਕ ਅਤਿ ਜ਼ਰੂਰੀ ਨਿਯਮ ਹੈ ।

ਪ੍ਰਾਚੀਨ ਸਮੇਂ ਤੋਂ ਹੀ ਮਨੁੱਖ ਪਸ਼ੂਆਂ ਤੋਂ ਕਈ ਪ੍ਰਕਾਰ ਦੇ ਕੰਮ ਲੈਣ ਦੇ ਨਾਤੇ ਪਿਆਰ ਨਾਲ ਪਾਲਦਾ ਰਿਹਾ ਹੈ, ਨਾ ਕਿ ਮਾਰਦਾ ਰਿਹਾ ਹੈ । ਰਿਸ਼ੀ ਮੁਨੀ, ਸੰਤ, ਫ਼ਕੀਰ, ਸਤਿਗੁਰੂ ਸਾਹਿਬਾਨ ਵੀ ਜੀਵ-ਹਤਿਆ ਦੀ ਥਾਂ ਜ਼ੀਵ-ਦਇਆ ਤੇ ਪੂਰਾ ਜ਼ੋਰ ਦਿੰਦੇ ਰਹੇ ਹਨ ।

ਡਾਕਟਰੀ ਵਿਚਾਰ ਅਨੁਸਾਰ ਮਨੁੱਖ ਦਾ ਸਰੀਰਕ ਢਾਂਚਾ ਅਤੇ ਖ਼ਾਸ ਕਰ ਅੰਤੜੀਆਂ ਅਤੇ ਦੰਦਾਂ ਦੀ ਬਨਾਵਟ ਅਜਿਹੀ ਹੈ ਜਿਸ ਨਾਲ ਰੱਬ ਨੇ ਇਸ ਨੂੰ ਸ਼ਾਕਾਹਾਰੀ ਹੀ ਬਣਾਇਆ ਹੈ, ਮਾਸਾਹਾਰੀ ਨਹੀਂ । ਇਸ ਦਾ ਵਿਸਥਾਰ ਇਸ ਪ੍ਰਕਾਰ ਹੈ:—

(੧) ਮਾਸ ਖਾਣ ਵਾਲੇ ਪਸ਼ੂਆਂ ਦੀਆਂ ਅੰਤੜੀਆਂ ਛੋਟੀਆਂ ਹੁੰਦੀਆਂ ਹਨ ਤਾਂ ਜੁ ਮਾਸ ਵਰਗਾ ਜ਼ਹਿਰੀਲਾ ਭੋਜਨ ਛੇਤੀ ਬਾਹਰ ਨਿਕਲ ਸਕੇ, ਕਿਉਂਕਿ ਮਾਸ ਦੇ ਬਚੇ ਹੋਏ ਭਾਗ ਉੱਤੇ ਬੀਮਾਰੀਆਂ ਦੇ ਕੀੜੇ ਪਲਦੇ ਹਨ । ਪਰ ਮਨੁੱਖ ਦੀਆਂ ਅੰਤੜੀਆਂ ਬਹੁਤ ਲੰਮੀਆਂ ਹਨ. ਇਸ ਲਈ ਮਾਸਾਹਾਰ ਮਨੁੱਖ ਲਈ ਅਤਿ ਹਾਨੀਕਾਰ ਹੈ ।

---

(੧੮ ਸਫ਼ੇ ਦੀ ਬਾਕੀ)

ਖਲੋਇਅੜਾ ਮੇਰਾ ਸਾਜਨੜਾ ॥ ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ ॥ ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥ ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥ ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥ ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥

[ਰਾਮਕਲੀ ਮ: ੫ ਛੰਤ, ਪੰਨਾ ੯੨੪

ਇਸ ਹੁਕਮ ਵਿਚ ਸਪੱਸ਼ਟ ਹੈ ਕਿ †ਗੁਰੂ ਤੋਂ ਬਿਨਾਂ ਉਸ ਪਰਮਾਤਮਾ ਦੀ ਸੋਝੀ ਨਹੀਂ ਹੋ ਸਕਦੀ, ਜਿਹੜਾ ਕਿ ਸਭ ਦੇ ਨਜ਼ਦੀਕ ਖੜੋਤਾ ਹੈ । ਸਤਿਗੁਰੂ ਦੀ ਮਹਿਮਾ, ਸਤਿਗੁਰੂ ਤੇ ਈਸ਼ਵਰ ਵਿਚ ਭੇਦ, ਤੇ ਸਤਿਗੁਰੂ ਦਾ ਸਰੂਪ ਇਨ੍ਹਾਂ ਵਿਸ਼ਿਆਂ ਉਤੇ ਅਨੇਕਾਂ ਗੁਰਬਾਣੀ ਦੇ ਪ੍ਰਮਾਣ ਮਿਲਦੇ ਹਨ, ਜੋ ਵਿਚਾਰ ਯੋਗ ਹਨ ।

---

†ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਲੈ ਕੇ ਹੀ ਗੁਰੂ ਵਾਲੇ ਬਣ ਸਕਦੇ ਹਾਂ ਅਤੇ ਘਾਲ ਥਾਏਂ ਪੈਂਦੀ ਹੈ ।



www.AKJ.Org

(੨) ਮਾਸ ਖਾਣ ਵਾਲਿਆਂ ਜਾਨਵਰਾਂ ਦੇ ਦੰਦ ਬਹੁਤ ਲੰਮੇ ਤੇ ਮਜ਼ਬੂਤ ਹੁੰਦੇ ਹਨ, ਜਿਵੇਂ ਕਿ ਸ਼ੇਰ ਦੇ, ਪਰ ਮਨੁੱਖ ਦੇ ਮਾਸ ਖਾਣ ਲਈ ਨਹੀਂ ਬਣੇ।

(੩) ਮਾਸ ਖਾਣ ਵਾਲੇ ਜਾਨਵਰਾਂ ਨੂੰ ਪਸੀਨਾ ਨਹੀਂ ਆਉਂਦਾ ਅਤੇ ਉਹ ਆਪਣੀ ਮੈਲ ਤੇਜ਼ ਤੇਜ਼ ਸਾਹ ਲੈ ਕੇ, ਸਾਹ ਦੁਆਰਾ ਹੀ ਕਢਦੇ ਹਨ। ਇਹਦੇ ਉਲਟ ਮਨੁੱਖ ਪਸੀਨੇ ਦੁਆਰਾ ਵੀ ਮੈਲ ਕਢਦਾ ਹੈ। (ਮੈਲ ਕਢਣ ਦੇ ਚਾਰ ਰਸਤੇ ਹਨ : ਮੱਲ ਦੇ ਰਸਤੇ, ਪਿਸ਼ਾਬ ਦੇ ਰਸਤੇ, ਪਸੀਨੇ ਦੇ ਰਸਤੇ ਅਤੇ ਫੇਫੜਿਆਂ ਦੇ ਰਸਤੇ)। ਮਨੁੱਖ ਸਵੇਰੇ ਮੈਦਾਨ ਸਾਫ਼ ਹੋਣ ਉਪਰੰਤ ਇਸ਼ਨਾਨ ਕਰਦਾ ਹੈ, ਜੋ ਜ਼ਰੂਰੀ ਹੈ, ਤਾਂ ਵੀ ਅਜੇ ਤਿੰਨ ਰਸਤਿਆਂ ਤੋਂ ਮੈਲ ਨਿਕਲੀ ਹੈ। ਚੌਥੇ ਰਸਤੇ ਅਰਥਾਤ ਫੇਫੜਿਆਂ ਦੀ ਮੈਲ ਕੇਵਲ ਨਾਮ ਸਿਮਰਨ ਨਾਲ ਹੀ ਦੂਰ ਹੁੰਦੀ ਹੈ। ਫੇਫੜਿਆਂ ਨੂੰ ਮਾਸਾਹਾਰ ਦੇ ਬਚੇ ਮੈਲ ਕੱਢਣ ਦਾ ਬੋਝ ਨਹੀਂ ਪਾਣਾ ਚਾਹੀਦਾ।

(੪) ਮਾਸ ਖਾਣ ਵਾਲੇ ਜਾਨਵਰਾਂ ਦੇ ਮੂੰਹ ਦੇ ਰੱਸ ਵਿਚ (ਸੈਲੀਵਾ—SALIVA ਵਿਚ) ਟਾਈਲਿਨ (Ptylin) ਨਹੀਂ ਹੁੰਦਾ, ਜੋ ਅੰਨ ਵਰਗੇ ਪਦਾਰਥ ਨੂੰ ਹਜ਼ਮ ਕਰਦਾ ਹੈ। ਪਰ ਮਨੁੱਖ ਦੇ ਮੂੰਹ ਵਿਚ ਸੈਲੀਵਾ (SALIVA) ਵਿਚ ਟਾਈਲਿਨ (Ptylin) ਹੁੰਦਾ ਹੈ, ਜੋ ਸਿੱਧ ਕਰਦਾ ਹੈ ਕਿ ਮਨੁੱਖ ਅਨਾਜ ਖਾ ਸਕਦਾ ਹੈ, ਮਾਸ ਨਹੀਂ।

(੫) ਮਾਸ ਖਾਣ ਵਾਲੇ ਪਸ਼ੂਆਂ ਦੇ ਪੇਟ ਵਿਚ, ਮਾਸ ਨਾ ਖਾਣ ਵਾਲੇ ਪਸ਼ੂਆਂ ਅਤੇ ਮਨੁੱਖਾਂ ਨਾਲੋਂ ਦਸ-ਗੁਣਾ ਵੱਧ ਨਮਕ ਦਾ ਤੇਜ਼ਾਬ (Hydrochloric Acid) ਨਿਕਲਦਾ ਹੈ, ਜੋ ਹੱਡੀਆਂ ਵੀ ਜ਼ਖ਼ਮੀ ਕਰ ਦਿੰਦਾ ਹੈ। ਸੋ ਜਾਨਵਰ ਹੀ ਦੂਜਿਆਂ ਜਾਨਵਰਾਂ ਦਾ ਮਾਸ ਹੱਡੀਆਂ ਸਮੇਤ ਖਾ ਸਕਦੇ ਹਨ, ਮਨੁੱਖ ਨਹੀਂ।

(੬) ਮਨੁੱਖ ਦੀਆਂ ਲੰਮੀਆਂ ਅੰਤੜੀਆਂ ਵਿਚ ਭੋਜਨ, ਕਾਫੀ ਦੇਰ ਟਿਕ ਕੇ ਧੀਰੇ ਧੀਰੇ ਭੋਜਨ-ਤੱਤ ਸਰੀਰ ਨੂੰ ਦਿਵਾਂਦਾ ਹੈ ਅਤੇ ਇਥੇ ਮਨੁੱਖੀ ਭੋਜਨ ਹੋਰ ਹੀ ਢੰਗ ਨਾਲ ਗਲਦਾ ਹੈ।

(੭) ਮਾਸ ਖਾਣ ਵਾਲਿਆਂ ਦੇ ਮੱਲ ਮੂਤਰ ਵਿਚੋਂ ਬਦਬੂ ਵੀ ਬੜੀ ਮੰਦੀ ਆਉਂਦੀ ਹੈ, ਜਦ ਕਿ ਮਾਸ ਨਾ ਖਾਣ ਵਾਲੇ ਪਸ਼ੂਆਂ ਗਾਂ, ਮਝ, ਆਦਿ ਦੇ ਮੱਲ ਮੂਤਰ ਵਿਚ ਇਹ ਬਦਬੂ ਨਹੀਂ ਹੁੰਦੀ ਅਤੇ ਉਹ ਖਾਦ ਦਾ ਵੀ ਕੰਮ ਦੇ ਸਕਦੀ ਹੈ।

(੮) ਮਨੁੱਖ ਦੇ ਦੰਦਾਂ ਦਾ ਇਨੇਮਲ (Enamel) ਵੀ ਹੋਰ ਤਰ੍ਹਾਂ ਦਾ ਹੈ ਅਤੇ ਮਾਸ ਖਾਣ ਵਾਲੇ ਪਸ਼ੂਆਂ ਦਾ ਇਨੇਮਲ ਹੋਰ ਤਰ੍ਹਾਂ ਦਾ ਹੁੰਦਾ ਹੈ।

ਇਸ ਤੋਂ ਇਹ ਸਿੱਧ ਹੋਇਆ ਕਿ ਮਨੁੱਖ ਦਾ ਸਰੀਰ ਮਾਸ ਖਾਣ ਲਈ ਨਹੀਂ ਬਣਿਆ।

ਬਹੁਤ ਦੇਰ ਤੋਂ ਮਨੁੱਖ ਨੂੰ ਇਹ ਸੋਚਣਾ ਚਾਹੀਦਾ ਸੀ ਕਿ ਕਿਹੜੀ ਵਸਤੂ ਖਾਣੀ ਚਾਹੀਦੀ ਹੈ ਅਤੇ ਕਿਹੜੀ ਵਸਤੂ ਨਹੀਂ ਖਾਣੀ ਚਾਹੀਦੀ। ਸ਼ਾਕਾਹਾਰੀ ਹੋਣਾ ਕੇਵਲ ਭੋਜਨ ਤਕ ਹੀ ਸੀਮਤ ਨਹੀਂ, ਸਗੋਂ ਜੀਵਨ ਦੇ ਉੱਚੇ ਆਦਰਸ਼ਾਂ ਦੀ ਪ੍ਰਾਪਤੀ ਲਈ ਇਹ ਜੀਵਨ ਦਾ ਤਰੀਕਾ ਹੈ।

ਮਨੁੱਖ ਜਿਹੜੇ ਜਾਨਵਰਾਂ ਦਾ ਮਾਸ ਖਾਂਦਾ ਹੈ ਉਨ੍ਹਾਂ ਵਿਚ ਬਹੁਤੇ ਜਾਨਵਰ ਕਈ ਰੋਗਾਂ ਦੇ ਸ਼ਿਕਾਰ ਹੁੰਦੇ ਹਨ ਅਤੇ ਉਹ ਰੋਗ ਮਾਸ ਖਾਣ ਵਾਲੇ ਦੇ ਖ਼ੂਨ ਵਿਚ ਵੀ ਆ ਜਾਂਦੇ ਹਨ। ਇਸੇ ਕਰਕੇ ਹੀ ਮਾਸ ਖਾਣ ਵਾਲੇ ਬਹੁਤੇ ਬਿਮਾਰ ਹੁੰਦੇ ਹਨ ਅਤੇ ਸਾਕਾਹਾਰੀ ਘੱਟ।

ਜਿਨ੍ਹਾਂ ਜਾਨਵਰਾਂ ਨੂੰ ਮਾਸਾਹਾਰ ਲਈ ਮਾਰਿਆ ਜਾਂਦਾ ਹੈ ਉਨ੍ਹਾਂ ਦੇ ਮਾਰਨ ਦੇ ਸਮੇਂ ਉਨ੍ਹਾਂ ਵਿਚ ਕਾਫ਼ੀ ਮਲ-ਮੂਤਰ ਵੀ ਹੁੰਦਾ ਹੈ; ਉਸਦਾ (Toxin) ਜ਼ਹਿਰ ਵੀ ਖਾਣ ਵਾਲੇ ਦੇ ਸਰੀਰ ਵਿਚ ਆ ਜੰਮਦਾ ਹੈ।

ਜਦੋਂ ਜਾਨਵਰ ਮਾਰੇ ਜਾਣ ਲਈ ਬੁੱਚੜਖ਼ਾਨੇ ਵੱਲ ਲਿਜਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਕਤਾਰ ਵਿਚ ਖੜਾ ਕੀਤਾ ਜਾਂਦਾ ਹੈ ਤਾਂ ਅਗਲੇ ਜਾਨਵਰ ਨੂੰ ਕਤਲ ਹੁੰਦਿਆਂ ਵੇਖ ਕੇ ਪਿਛਲੇ ਜਾਨਵਰ ਰੋਂਦੇ ਤੇ ਚਿਲਾਂਦੇ ਹਨ, ਜਿਸ ਨਾਲ ਹੋਰ ਜ਼ਹਿਰ ਵੀ ਉਨ੍ਹਾਂ ਅੰਦਰ ਪੈਦਾ ਹੋ ਜਾਂਦਾ ਹੈ, ਜਿਸ ਦਾ ਪਰਭਾਵ ਮਾਸਾ-ਹਾਰੀਆਂ ਦੇ ਸਰੀਰ ਤੇ ਅਵੱਸ਼ ਪੈਂਦਾ ਹੈ।

ਕੀ ਅਜੇ ਵੀ ਮਾਸਾਹਾਰ ਹੋਣਾ ਚਾਹੀਦਾ ਹੈ? ਮਾਸ ਖਾਣ ਨਾਲ ਅੰਦਰ ਗਲਣ ਸੜਨ ਉਪਰੰਤ ਜੋ ਵਸਤੂ ਬਾਹਰ ਨਿਕਲਣੀ ਹੁੰਦੀ ਹੈ ਉਹ ਮੈਲ-ਦੁਆਰ

(ਬਾਕੀ ੨੧ ਸਫ਼ੇ ਦੇ ਹੇਠ)



www.AKJ.Org

# ਇਹ ਆਂਡੇ ਮਾਰੂ ਜ਼ਹਿਰਾਂ ਦੇ ਭਰੇ ਹੋਏ ਹਨ

[ਵਲੋਂ ਜੇ, ਪੀ. ਸੰਗਤ ਸਿੰਘ ਜੀ, 75/3, ਬੰਬਈ–82]

ਕੁਦਰਤ ਦੇ ਕਾਨੂੰਨ ਅਨੁਸਾਰ ਜੀਵ ਦੀ ਉਤਪਤੀ ਬਿੰਦ ਅਥਵਾ ਵੀਰਜ ਤੋਂ ਹੀ ਸੰਭਵ ਹੈ। ਮਨੁਖ ਅਥਵਾ ਜੇਰਜ ਖਾਣੀ ਦੇ ਜਨਮ ਤੀਕ ਇਹ ਵੀਰਜ ਯੋਨੀ ਵਿਚ ਹੀ ਰਹਿੰਦਾ ਤੇ ਆਉਣ ਵਾਲੇ ਜੀਵ ਦਾ ਨਿਰਮਾਣ ਕਰਦਾ ਰਹਿੰਦਾ ਹੈ, ਐਪਰ ਅੰਡਜ ਜੂਨੀ ਦੇ ਜੀਵਾਂ ਦਾ ਵੀਰਜ ਜੀਵ ਦੀ ਉਤਪਤੀ ਤੇ ਨਿਰਮਾਣ ਲਈ ਅੰਡਿਆਂ ਦੇ ਖੋਲ ਵਿਚ ਰਖਣ ਦਾ ਪ੍ਰਕਿਰਤੀ ਦਾ ਨਿਯਮ ਹੈ। ਸੋ ਅੰਡੇ ਵੀਰਜ ਹੀ ਹਨ ਅਤੇ ਅੰਡਿਆਂ ਦਾ ਖਾਣਾ ਵੀਰਜ ਦਾ ਖਾਣਾ ਹੀ ਹੈ।

ਰਸਾਇਣਿਕ ਖੋਜ ਦਸਦੀ ਹੈ ਕਿ ਅੰਡਿਆਂ ਵਿਚ ਕਈ ਪ੍ਰਕਾਰ ਦੇ ਘਾਤਿਕ ਤੇ ਮਾਰੂ ਜ਼ਹਿਰ ਹੁੰਦੇ ਹਨ, ਜਿਹੜੇ ਕਿ ਮਨੁੱਖੀ ਸੁਆਸਤ ਲਈ ਅਤਿਅੰਤ ਹੀ ਹਾਨੀਕਾਰਕ ਹਨ।

## (੧) ਅੰਡੇ ਆਂਦਰਾਂ ਦੇ ਕੀਟਾਣੂਆਂ ਨੂੰ ਜ਼ਹਿਰੀਲਾ ਬਣਾਉਂਦੇ ਹਨ–

ਅੰਡੇ ਬਹੁਤ ਸਾਰੇ ਮਨੁਖਾਂ ਦੀਆਂ ਆਂਦਰਾਂ ਵਿਚ ਪਾਏ ਜਾਣ ਵਾਲੇ ਕਾਮਨ ਜਾਂ ਕਿਲਾਈ ਕੀਟਾ-ਣੂਆਂ ਨੂੰ ਜ਼ਹਿਰੀਲਾ ਬਣਾਂਦੇ ਹਨ ਜਿਨ੍ਹਾਂ ਕਰਕੇ ਕਈ ਭਿਆਨਕ ਰੋਗ ਲਗ ਜਾਂਦੇ ਹਨ। ਇਹ ਨਿਸਚੇ ਨਾਲ ਕਿਹਾ ਜਾ ਸਕਦਾ ਹੈ ਕਿ ਮਨੁਖ ਦੇ ਕਈ ਰੋਗਾਂ ਦਾ ਮੁਖ ਕਾਰਨ ਅੰਡੇ ਵਧੇਰੇ ਪੈਦਾ ਕਰਨ ਦੀਆਂ ਸਕੀਮਾਂ ਅਤੇ ਇਹਨਾਂ ਦੀ ਸੇਵਨ ਦਾ ਹੀ ਫਲ ਹੈ।

[ਡਾ: ਜੇ. ਈ. ਆਰ, ਮੈਕਡਾਲੇਗ ਇੰਗਲੈਂਡ–ਨੇਚਰ ਆਫ ਡੀਜ਼ੀਜ਼–ਭਾਗ ੨, ਪੰਨਾ ੯੪

## (੨) ਅੰਡਿਆਂ ਤੋਂ ਪੇਚਸ਼–

ਮੁਰਗੇ ਮੁਰਗੀਆਂ ਵਿਚ ਬਹੁਤ ਸਾਰੀਆਂ ਬੀਮਾਰੀਆਂ ਹੁੰਦੀਆਂ ਹਨ। ਅੰਡੇ ਉਹਨਾਂ ਰੋਗਾਂ ਨੂੰ, ਵਿਸ਼ੇਸ਼ ਕਰਕੇ ਟੀ. ਬੀ. ਤੇ ਪੇਚਸ ਆਦਿ ਦੇ ਕੀਟਾ-ਣੂਆਂ ਨੂੰ ਆਪਣੇ ਨਾਲ ਲੈ ਆਉਂਦੇ ਹਨ। ਅਤੇ ਇਹਨਾਂ ਨੂੰ ਖਾਣ ਵਾਲਿਆਂ ਵਿਚ ਇਹ ਰੋਗ ਪੈਦਾ ਕਰ ਦੇਂਦੇ ਹਨ।

[ਡਾ: ਰਾਬਰਟ ਗਰਾਸ, ਇੰਗਲੈਂਡ

## (੩) ਅੰਡਿਆਂ ਨਾਲ ਐਗਜ਼ੀਮਾ ਤੇ ਲਕਵਾ–

ਅੰਡਿਆਂ ਦੀ ਸਫੇਦੀ, ਅੰਡਿਆਂ ਦਾ ਸਭ ਤੋਂ ਵਧ ਖ਼ਤਰਨਾਕ ਭਾਗ ਹੈ। ਜਿਨ੍ਹਾਂ ਜਾਨਵਰਾਂ ਨੂੰ ਅੰਡਿਆਂ ਦੀ ਸਫੇਦੀ ਪਿਲਾਈ ਗਈ, ਉਹਨਾਂ ਨੂੰ ਲਕਵਾ ਮਾਰ ਗਿਆ ਅਤੇ ਉਹਨਾਂ ਦੀ ਚਮੜੀ ਸੁਜ ਗਈ। [ਡਾ: ਰਾਬਰਟ ਗਰਾਸ, ਇੰਗਲੈਂਡ

## (੪) ਆਂਡਿਆਂ ਵਿਚ ਡੀ. ਡੀ. ਟੀ.–

੧੮ ਮਹੀਨਿਆਂ ਦੇ ਪ੍ਰੀਖਣ ਪਿਛੋਂ ੩੦ ਫੀ ਸਦੀ ਅੰਡਿਆਂ ਵਿਚ ਹੋਰ ਜ਼ਹਿਰਾਂ ਨਾਲ ਡੀ. ਡੀ. ਟੀ. ਵੀ ਪਾਇਆ ਗਿਆ।

[ਐਗਰੀਕਲਚਰ ਵਿਭਾਗ ਫ਼ਲੋਰੇਡਾ (ਕੈਨੇਡਾ) ਹੈਲਥ ਬੁਲਿਟਿਨ–ਅਕਤੂਬਰ ੧੯੬੭

---

(੨੦ ਸਫੇ ਦੀ ਬਾਕੀ)

ਰਾਹੀਂ, ਮੂਤਰ ਦੁਆਰ ਰਾਹੀਂ, ਪਸੀਨੇ ਦੁਆਰਾ ਅਤੇ ਫੇਫੜਿਆਂ ਦੁਆਰਾ ਹੀ ਨਿਕਲਣੀ ਹੁੰਦੀ ਹੈ, ਇਸ ਲਈ ਇਨ੍ਹਾਂ ਦਾ ਕਮ ਵੱਧ ਜਾਂਦਾ ਹੈ ਅਤੇ ਕਾਫੀ ਮੈਲ ਇਨ੍ਹਾਂ ਦੇ ਕੋਲ ਜੰਮ ਜਾਂਦੀ ਹੈ ਅਤੇ ਕਈ ਪ੍ਰਕਾਰ ਦੇ ਰੋਗ ਪੈਦਾ ਕਰਦੀ ਹੈ, ਜਿਵੇਂ ਮੈਲ ਦੁਆਰ ਕੋਲ ਮੈਲ ਇਕੱਠੀ ਹੋਣ ਨਾਲ ਬਵਾਸੀਰ, ਮੂਤਰ ਦੁਆਰ ਕੋਲ ਮੈਲ ਇਕੱਠੀ ਹੋਣ ਨਾਲ ਪਥਰੀ, ਪਸੀਨੇ ਦੇ ਦੁਆਰ ਕੋਲ ਇਕੱਠੀ ਹੋਣ ਨਾਲ ਦਾਦ, ਖਾਰਿਸ਼ ਅਤੇ ਫੇਫੜਿਆਂ ਕੋਲ ਇਕੱਠੀ ਹੋਣ ਨਾਲ ਖਾਂਸੀ, ਬਲਗਮ, ਟੀ. ਬੀ. ਬਰਾਨਕਾਇਟਿਸ, ਪਲੂਰੇਸੀ ਅਤੇ ਅੰਤ ਕੈਂਸਰ ਹੋ ਜਾਂਦਾ ਹੈ।

ਅਤੇ ਇਹੀ ਮੈਲ ਜਦੋਂ ਖ਼ੂਨ ਵਿਚ ਚਕਰ ਕੱਟਦੀ ਹੱਡੀਆਂ ਦੇ ਜੋੜਾਂ ਵਿਚ ਇਕੱਠੀ ਹੋ ਜਾਂਦੀ ਹੈ ਤਾਂ ਗੰਠੀਆ ਹੋ ਜਾਂਦਾ ਹੈ।

ਕੀ ਅਜੇ ਵੀ ਮਾਸਾਹਾਰ ਕਰਨਾ ਚਾਹੀਦਾ ਹੈ?

(ਬਾਕੀ ਫਿਰ)



www.AKJ.Org

(੫) ਅੰਡਿਆਂ ਨਾਲ ਹਾਈ ਬਲੱਡ ਪ੍ਰੈਸ਼ਰ ਤੇ ਹੋਰ ਹਿਰਦੇ ਰੋਗ—

ਡਾ: ਰਾਬਰਟ ਗ੍ਰਾਸ ਤੇ ਪ੍ਰੋ: ਇਰਵਨ ਰਈਸ ਲਿਖਦੇ ਹਨ–

ਹਰ ਮਨੁਖ ਦੇ ਖ਼ੂਨ ਵਿਚ ਤਕੀਰਬਨ ੨੦ ਗ੍ਰੇਨ ਅਲਕੋਹਲ ਹੁੰਦੀ ਹੈ, ਜਿਹੜੀ ਕਿ ਦਿਲ ਦੀਆਂ ਬੀਮਾਰੀਆਂ ਦਾ ਕਾਰਨ ਬਣਦੀ ਹੈ। ਜੇ ਕਿਸੇ ਕਾਰਨ ਸਰੀਰ ਵਿਚ ਇਸ ਦੀ ਮਾਤ੍ਰਾ ਵਧ ਜਾਏ ਤਾਂ ਹਾਈ ਬਲੱਡ ਪ੍ਰੈਸ਼ਰ ਆਦਿ ਕਈ ਰੋਗ ਲਗ ਜਾਂਦੇ ਹਨ।

ਇਕ ਅੰਡੇ ਦੀ ਜ਼ਰਦੀ ਵਿਚ ੪ ਗ੍ਰੇਨ ਅਲਕੋਹਲ ਹੁੰਦੀ ਹੈ। ਅੰਡੇ ਖਾਣ ਨਾਲ ਮਨੁਖ ਦੇ ਖ਼ੂਨ ਵਿਚ ਅਲਕੋਹਲ ਦੀ ਮਾਤ੍ਰਾ ਵਧ ਜਾਂਦੀ ਹੈ ਤੇ ਇਸ ਦੀ ਕਾਫ਼ੀ ਮਾਤ੍ਰਾ ਜਿਗਰ ਵਿਚ ਜਮ੍ਹਾ ਹੋ ਜਾਂਦੀ ਹੈ, ਜਿਸ ਨਾਲ ਇਹ ਪਿਤ ਦੀ ਥੈਲੀ ਵਿਚ ਪਥਰੀ ਪੈਦਾ ਕਰਦੀ ਹੈ ਤੇ ਖ਼ੂਨ ਵਿਚ ਮਿਲ ਕੇ, ਹਿਰਦੇ ਵਿਚ ਖ਼ੂਨ ਪਹੁੰਚਾਣ ਵਾਲੀਆਂ ਨਾਲੀਆਂ ਵਿਚ ਜਮ੍ਹਾ ਹੋ ਜਾਂਦੀ ਹੈ। ਇਸ ਨਾਲ ਹਾਈ ਬਲੱਡ ਪ੍ਰੈਸ਼ਰ, ਜਿਗਰ ਦੀਆਂ ਬੀਮਾਰੀਆਂ, ਗੁਰਦੇ ਦੀ ਸੋਜ਼ਸ਼, ਜੋੜਾਂ ਦੇ ਦਰਦ ਆਦਿ ਭਿਅੰਕਰ ਰੋਗ ਹੋ ਜਾਂਦੇ ਹਨ।

ਅੰਡਿਆਂ ਵਿਚ ਨਾਈਟ੍ਰਜਨ ਜਹੀ ਵਿਸ਼ੈਲੀ ਗੈਸ ਅਤੇ ਫ਼ਾਸਫ਼ੋਰਸ ਐਸਿਡ ਦੀ ਪ੍ਰਾਪਤ ਮਾਤ੍ਰਾ ਤੇ ਚਰਬੀ ਹੁੰਦੀ ਹੈ; ਜਿਨ੍ਹਾਂ ਨਾਲ ਅੰਡੇ, ਸਰੀਰ ਵਿਚ ਤੇਜ਼ਾਬੀ ਮਾਦਾ ਪੈਦਾ ਕਰਦੇ ਹਨ, ਜਿਸ ਨਾਲ ਗੈਸ ਦੀਆਂ ਕਈ ਬੀਮਾਰੀਆਂ ਫੁਟ ਪੈਂਦੀਆਂ ਹਨ।

(੬) ਫ਼ਲੋਰੇਡਾ ਵਿਸ਼ਵ ਵਿਦਿਆਲਾ—

ਅਮਰੀਕਾ ਦੇ ਖੇਤੀਬਾੜੀ ਵਿਭਾਗ ਨੇ ੧੯੭੬ ਵਿਚ ਪ੍ਰਕਾਸ਼ਿਤ ਸਿਹਤ ਬੁਲਿਟਿਨ ਵਿਚ ਲਿਖਿਆਹੈ–

ਅੰਡਿਆਂ ਵਿਚ "ਵਾਇਰਸ" ਨਾਉਂ ਦੇ ਹਾਨੀ-ਕਾਰਕ ਕੀੜੇ ਹੁੰਦੇ ਹਨ।

(੭) ਡਾ: ਕੈਥਰੀਨ ਨਿਮੋ ਤਥਾ

ਡਾ:ਜੇ.ਅਮੇਨ ਕੈਲੇਫ਼ੋਰਨੀਆ ਲਿਖਦੇ ਹਨ–

ਅੰਡਿਆਂ ਵਿਚ ਕੋਲਿਸਟਰੋਲ ਨਾਮੀ ਵਿਸ਼ ਹੁੰਦਾ ਹੈ। ਇਸ ਦੇ ਸੇਵਨ ਨਾਲ ਪਾਚਨ-ਸ਼ਕਤੀ ਖ਼ਰਾਬ ਹੁੰਦੀ ਹੈ। ਇਸ ਨਾਲ ਗੁਰਦੇ ਵਿਚ ਪਥਰੀ ਬਣ ਜਾਂਦੀ ਹੈ ਤੇ ਸਮਾਮਿਕ ਆਂਤੜੀਆਂ ਅਤੇ ਖ਼ੂਨ ਦੀਆਂ ਨਾੜੀਆਂ ਵਿਚ ਜ਼ਖਮ ਹੋ ਜਾਂਦੇ ਹਨ। ਇਹ ਜ਼ਖਮ ਕਈ ਰੋਗ ਫੈਲਾਣ ਦਾ ਕਾਰਣ ਬਣ ਜਾਂਦੇ ਹਨ। ਜ਼ਖਮੀ ਆਂਦਰਾਂ ਵਿਚ ਪੇਚਸ਼ ਦੇ ਕੀਟਾਣੂ ਪਲਦੇ ਹਨ। ਅੰਡੇ ਖਾਣ ਵਾਲਿਆਂ ਦੀ, ਰੋਗਾਂ ਤੋਂ ਬਚਣ ਦੀ ਸ਼ਕਤੀ ਬਹੁਤ ਕਮਜ਼ੋਰ ਹੋ ਜਾਂਦੀ ਹੈ।

(੮) ਡਾ: ਈ. ਵੀ. ਮੈਕੋਲਮ ਆਪਣੀ ਪੁਸਤਕ ਨਾਲਿਜ ਆਫ਼ ਨਯੂਟ੍ਰੀਸ਼ਨ ਦੇ ਪੰਨਾ ੩੯੬ ਉਤੇ ਲਿਖਦੇ ਹਨ–

ਕੁਝ ਬੰਦਰਾਂ ਨੂੰ ਜਦੋਂ ਅੰਡੇ ਖੁਆਏ ਗਏ ਤਾਂ ਉਹਨਾਂ ਦੇ ਸਰੀਰਾ ਵਿਚ ਸੜਾਂਦ ਪੈਦਾ ਕਰਨ ਵਾਲੇ ਬੈਕਟੀਰੀਆ ਪੈਦਾ ਹੋ ਗਏ। ਉਹ ਬੰਦਰ ਸੁਸਤ ਹੋ ਗਏ ਅਤੇ ਉਹਨਾਂ ਨੇ ਆਪਣੇ ਸਿਰ ਝੁਕਾ ਦਿਤੇ ਅਤੇ ਬੁਧੂ ਜਹੇ ਬਣ ਗਏ। ਉਹਨਾਂ ਦਾ ਪਿਸ਼ਾਬ ਗਹਿਰੇ ਰੰਗ ਦਾ ਹੋ ਗਿਆ ਤੇ ਰੁਕ ਰੁਕ ਕੇ ਆਉਣ ਲਗ ਪਿਆ। ਜਦੋਂ ਉਹਨਾਂ ਨੂੰ ਗੁਲੂਕੋਜ਼ ਦਿਤਾ ਗਿਆ ਤਾਂ ਉਹ ਮੁੜ ਕੇ ਠੀਕ ਹੋ ਗਏ।

(੯) ਅਨੇਕ ਡਾਕਟਰਾਂ ਦਾ ਅਨੁਭਵ ਹੈ ਕਿ ਜਦੋਂ ਪਸ਼ੂਆਂ ਨੂੰ ਅੰਡਿਆਂ ਦੀ ਸੁੱਕੀ ਸਫ਼ੇਦੀ ਦਿਤੀ ਗਈ ਤਾਂ ਉਹਨਾਂ ਚੋਂ ਕੁਝ ਇਕ ਨੂੰ ਲਕਵਾ ਮਾਰ ਗਿਆ, ਤੇ ਕੁਝ ਇਕ ਨੂੰ ਕੈਂਸਰ ਰੋਗ ਹੋ ਗਿਆ।

ਜਿਵੇਂ ਸਾਕਾਹਾਰੀ ਬੰਦਰਾਂ ਨੂੰ ਅੰਡੇ ਮਾਫ਼ਕ ਨਹੀਂ ਆਉਂਦੇ, ਉਦਾਂ ਹੀ ਮਨੁੱਖਾਂ ਲਈ ਵੀ ਇਹ ਅਤੀ ਹਾਨੀਕਾਰਕ ਹਨ।

(੧੦) ਅੰਡਿਆਂ ਵਿਚ ੧.੦੪ ਫ਼ੀ ਸਦੀ ਤੋਂ ਲੈ ਕੇ ੨.੦੦੯ ਫ਼ੀ ਸਦੀ ਤੀਕ ਕੋਲਿਸਟਰੋਲ ਜ਼ਹਿਰ ਹੁੰਦਾ ਹੈ।

(੧੧) ਡਾ: ਆਨੰਦ ਨਿਮਲ ਸੂਰਯਾ ਦਾ ਕਹਿਣਾ ਹੈ–

ਅੰਡੇ ਮਨੁੱਖ ਲਈ ਅਤੀ ਹਾਨੀਕਾਰਕ ਹਨ। ਇਹਨਾਂ ਨੂੰ ਤਿਆਗ ਕੇ ਚੰਗੀ ਪ੍ਰੋਟੀਨ ਭਰੇ ਫਲ ਗ੍ਰਹਿਣ ਕਰੋ।

ਦੁੱਧ ਦੇ ਪੋਸ਼ਟਿਕ ਤੱਤ ਬਹੁਤ ਚੰਗੇਰੇ ਪ੍ਰਕਾਰ ਦੇ

(ਬਾਕੀ ਦੇਖੋ ਸਫ਼ਾ ੨੩ ਦੇ ਹੇਠ)



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ

[ਵਲੋਂ :– ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

## ੧੦. ਮੱਝੀਆਂ ਦਾ ਛੇੜੂ–

ਗੁਰੂ ਜੀ ਹੁਣ ਵਧੇਰੇ ਬਾਹਰ ਖੇਤਾਂ ਵਿਚ ਜਾ ਬੈਠਦੇ ਸਨ। ਘਰ ਰਹਿੰਦੇ ਤਾਂ ਅੱਖਾਂ ਮੀਟ ਬੈਠਦੇ। ਅੰਦਰੋਂ ਆਪਣੇ ਪਰਮੇਸ਼ੁਰ ਨਾਲ ਲਗੇ ਰਹਿੰਦੇ, ਬਾਹਰੋਂ ਦਿਸਦਾ ਕਿ ਜਿਵੇਂ ਕੋਈ ਮਸ਼ਟ ਮਾਰੀ ਬੈਠਾ ਹੈ। ਸੌਣਾ ਤਾਂ ਸੁੱਤੇ ਹੀ ਰਹਿਣਾ, ਕਿਸੇ ਨਾਲ ਬੋਲਣਾ ਨਾ। ਕੋਈ ਪੁੱਛੇ ਤਾਂ ਸਿੱਧਾ ਉੱਤਰ ਨਾ ਦੇਣਾ। ਲੋਕੀਂ ਕਈ ਕਹਿਣ ਲਗ ਪਏ ਕਿ ਇਹ ਤਾਂ ਝੱਲਾ ਹੈ। ਐਵੇਂ ਲੋਕੀਂ ਇਸ ਨੂੰ ਸਾਧੂ ਕਹਿੰਦੇ ਹਨ।

ਉਧਰ ਮਾਤਾ ਪਿਤਾ ਨੇ ਸੋਚਿਆ ਕਿ ਘਰ ਵਿਚ ਤਾਂ ਚੁਪ ਚਾਪ ਰਹਿੰਦਾ ਹੈ, ਪਰ ਬਾਹਰ ਖੇਤਾਂ ਵਿਚ ਕਿ ਬਨ ਵਿਚ ਖੁਸ਼ੀ ਖੁਸ਼ੀ ਜਾਂਦਾ ਹੈ ਤੇ ਉਥੇ ਗੱਲਾਂ ਬੀ ਕਰਦਾ ਹੈ, ਸਾਧਾਂ ਫਕੀਰਾਂ ਨਾਲ ਗੋਸ਼ਟਾਂ ਕਰਦਾ ਹੈ। ਗੋਸ਼ਟ ਆਖਦੇ ਹਨ ਡੂੰਘੀਆਂ ਵਿਚਾਰ ਦੀਆਂ ਆਪੋ ਵਿਚ ਦੀਆਂ ਗਲਾਂ ਬਾਤਾਂ ਨੂੰ। ਤਾਂ ਹੁਣ ਐਉਂ ਕਰੀਏ ਜੋ ਘਰ ਦੀਆਂ ਗਊਆਂ ਮੱਝੀਆਂ ਛੇੜਨ ਘੱਲ ਦਿਆ ਕਰੀਏ। ਦੋ ਚਾਰ ਦਿਨ ਤਾਂ ਛੇੜੂ ਘਰ ਦਾ ਨਾਲ ਜਾਵੇ, ਫੇਰ ਆਪੇ ਸੰਭਾਲ ਲਊ। ਜੇ ਏਸ ਕਾਰੇ ਪਰਚ ਜਾਵੇ ਤਾਂ ਵੱਡਾ ਵੱਗ ਲੈ ਦਿਆਂਗੇ। ਵੱਗ ਆਖਦੇ ਹਨ ਬਹੁਤ ਸਾਰੀਆਂ ਗਊਆਂ ਮਝੀਆਂ ਨੂੰ।

ਸੋ ਬਾਬੇ ਕਾਲੂ ਆਖਿਆ : ਪੁਤ ਨਾਨਕ ! ਤੂੰ ਘਰ ਨਾਲੋਂ ਬਾਹਰ ਖੇਤਾਂ, ਬਨਾਂ ਵਿਚ ਤੇ ਵਣਾਂ ਹੇਠ ਖੁਸ਼ ਰਹਿੰਦਾ ਹੈਂ, ਤੇ ਤੈਨੂੰ ਗਊਆਂ ਮਹੀਆਂ ਵੱਛੇ ਚੰਗੇ ਲਗਦੇ ਹਨ,ਉਹਨਾਂ ਨੂੰ ਖੁਆ ਪਿਆ ਕੇ ਖੁਸ਼ ਹੁੰਦਾ ਹੈਂ, ਤੂੰ ਹੁਣ ਮੱਝੀਆਂ ਗਊਆਂ ਬਾਹਰ ਲੈ ਜਾਇਆ ਕਰ; ਇਹ ਵੀ ਪਲ ਆਇਆ ਕਰਨਗੀਆਂ ਤੇ ਤੂੰ ਬੀ ਖੁਸ਼ੀ ਰਹੇਂਗਾ। ਘਰ ਵਿਚ ਖਾਣ ਪੀਣ ਨੂੰ ਬਥੇਰਾ ਕੁਛ ਭਗਵਾਨ ਨੇ ਦਿੱਤਾ ਹੋਇਆ ਹੈ।

ਤਦ ਗੁਰੂ ਬਾਲਕੇ ਨੇ ਕਿਹਾ:—ਚੰਗਾ ਜੀਓ ! ਸੋ ਹੁਣ ਬਾਲਕਾ ਨਾਨਕ, ਹਾਂ ਗੁਰੂ ਨਾਨਕ, ਮੱਝੀਆਂ ਗਊਆਂ ਦਾ ਛੇੜੂ ਬਣ ਗਿਆ। ਜਿਸ ਨੇ ਦੁਨੀਆ ਦੇ ਵਡੇ ਵਡੇ ਦਾਨਿਆਂ ਦੇ ਵੱਗਾਂ ਦੇ ਵੱਗ ਰੱਬ ਦੇ ਦੇਸ਼ ਲੈ ਜਾਣੇ ਹਨ, ਅਜ ਗਊਆਂ ਮਹੀਆਂ ਦਾ ਛੇੜੂ ਬਣ ਗਿਆ।

ਪਿੰਡ ਦੀ ਉਹ ਜ਼ਿਮੀ, ਜੋ ਸਾਂਝੀ ਹੁੰਦੀ ਹੈ, ਜਿਸ ਵਿਚ ਡੰਗਰ ਚਾਰੀਦੇ ਹਨ, ਤੇ ਹੋਰ ਅਗੇਰੇ ਜੂਹਾਂ ਵਿਚ ਜਿੱਥੇ ਘਾਹ ਹੋਵੇ, ਇਹ ਸੁਹਣੇ ਬਾਲਕ ਜੀ ਮੱਝੀਆਂ ਗਊਆਂ ਨੂੰ ਲੈ ਜਾਂਦੇ ਸਨ। ਓਹ ਖੁਸ਼ੀ ਖੁਸ਼ੀ ਚਰਦੀਆਂ ਰਹਿਣ ਤੇ ਆਪ ਖੁਸ਼ੀ ਖੁਸ਼ੀ ਆਪਣੇ ਮੌਜੀ ਰੰਗਾਂ ਵਿਚ ਰਹਿਣ। ਕਦੇ ਅੱਖਾਂ ਮੀਟ ਕੇ ਪਰਮੇਸ਼ੁਰ ਦੇ ਧਿਆਨ ਵਿਚ ਹੋ ਜਾਣ। ਆਪ ਜੀ ਨੂੰ ਪਰਮੇਸ਼ੁਰ ਨਾਲ ਨਾਲ ਤੇ ਅੰਦਰ ਬਾਹਰ ਦਿੱਸਦਾ ਸੀ। ਉਸ ਨਾਲ ਗੂੜ੍ਹਾ ਪਿਆਰ ਸੀ ਤੇ ਉਸੇ ਦੇ

---

੨੨ ਸਫ਼ੇ ਦੀ ਬਾਕੀ)

ਹੁੰਦੇ ਹਨ, ਕਿਉਂਕਿ ਇਸ ਵਿਚ ਚੰਗੇਰੇ ਪ੍ਰਕਾਰ ਦੀ ਪ੍ਰੋਟੀਨ ਪਾਈ ਜਾਂਦੀ ਹੈ । ਅਜਿਹਾ ਕੋਈ ਪੌਸ਼ਟਿਕ ਤੱਤ ਨਹੀਂ ਜੋ ਅੰਡਿਆਂ ਵਿਚ ਮਿਲਦਾ ਹੋਵੇ, ਪਰ ਦੁੱਧ ਵਿਚ ਨਾ ਹੋਵੇ। ਏਸ ਵਿਗਿਆਨਕ ਯੁਗ ਵਿਚ ਅਮਲੀ ਤੌਰ ਤੇ ਵਿਟਾਮਿਨ ਦੇ ਖਣਜ ਲੂਣ, ਬਨਾਵਟੀ ਤੌਰ ਤੇ ਮਿਲ ਸਕਦੇ ਹਨ ਤੇ ਉਹ ਜਿਥੇ ਜ਼ਰੂਰੀ ਸਮਝਿਆ ਜਾਵੇ, ਦੁੱਧ ਦੇ ਨਾਲ ਸਹਾਇਕ ਰੂਪ ਵਿਚ ਲਏ ਜਾ ਸਕਦੇ ਹਨ।

ਮੇਰਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਸੰਤੁਲਿਤ ਸਾਕਾਹਾਰ ਭੋਜਨ ਉਤਨਾ ਹੀ ਪੁਸ਼ਟੀਦਾਇਕ ਹੈ ਜਿਤਨਾ ਕਿ ਹੋਰ ਭੋਜਨ; ਪਰ ਵਿਟਾਮਿਨ ਤੇ ਖਣਜੀ ਲੂਣ ਲਈ ਅੰਡਿਆਂ ਅਤੇ ਮਾਸ ਤੇ ਨਿਰਭਰ ਰਹਿਣਾ ਹਾਨੀਕਾਰਕ ਹੈ।

### (੧੨) ਡਾ: ਐਫ. ਓਕਾੜਾ ਇੰਗਲੈਂਡ–

ਪਿਤ ਅਤੇ ਮੂੰਹ ਦਾ ਲਬਾਬ (Pancreative Juice) ਅੰਡੇ ਦੀ ਸਫ਼ੇਦੀ ਦਾ ੩੦ ਤੋਂ ੫੦ ਫ਼ੀ ਸਦੀ ਭਾਗ ਭੋਜਨ-ਪ੍ਰਣਾਲੀ ਚੋਂ, ਬਿਨਾਂ ਹਜ਼ਮ ਹੋਇਆਂ ਹੀ ਨਿਕਲ ਜਾਂਦਾ ਹੈ।



www.AKJ.Org

ਪਿਆਰ ਵਿਚ ਦਿਲ ਪਰਚਿਆ ਰਹਿੰਦਾ ਸੀ। ਕਿਸੇ ਵੇਲੇ ਉਸ ਦਾ ਨਾਉਂ ਲੈਂਦੇ ਸਨ ਜਿਵੇਂ ਕਿ ਵਾਜਾਂ ਮਾਰੀਦੀਆਂ ਹੈਨ, ਕਦੇ ਮਿੱਠੇ ਮਿੱਠੇ ਗਾਉਣ ਗਾਉਂਦੇ ਸਨ, ਜਿਵੇਂ ਉਸ ਦੇ ਪਿਆਰ ਵਿਚ ਪਏ ਸੁਆਦ ਲੈਂਦੇ ਹੈਨ।

ਇਕ ਦਿਨ ਕੀਹ ਹੋਇਆ ਕਿ ਇਹ ਰੱਬ ਬਾਬਲ ਦਾ ਬਾਲਕਾ ਆਪਣੇ ਰੱਬ ਦੇ ਧਿਆਨ ਵਿਚ ਬਹਿ ਗਿਆ, ਅੱਖਾਂ ਮੀਟ ਹੋ ਗਈਆਂ। ਅੰਦਰੋਂ ਐਸਾ ਕੋਈ ਧਿਆਨ ਲੱਗਾ ਕਿ ਜਿਵੇਂ ਕੋਈ ਗੁੰਮ ਹੋ ਜਾਂਦਾ ਹੈ। ਬਾਹਰ ਦੀ ਬਾਲਕ ਗੁਰੂ ਜੀ ਨੂੰ ਕੋਈ ਸੋਝੀ ਨਾ ਰਹੀ। ਜਿਵੇਂ ਲੋਕੀਂ ਦੱਸਦੇ ਹਨ ਕਿ ਜੋਗੀ ਦੀ ਸਮਾਧਿ ਲਗ ਜਾਂਦੀ ਹੈ, ਤਿਵੇਂ ਗੁਰੂ ਜੀ ਆਪਣੇ ਪਰਮੇਸ਼ੁਰ ਦੇ ਪਿਆਰ ਵਿਚ ਮਗਨ ਕਿ ਮਸਤ ਹੋ ਗਏ, ਜਿਵੇਂ ਕੋਈ ਬੇਹੋਸ਼ ਹੋ ਜਾਂਦਾ ਹੈ। ਸੁਹਣਾ ਬਾਲਕਾ ਤਾਂ ਚਿਤੰਨ (ਹੋਸ਼ ਵਿਚ) ਸੀ, ਪਜਾਰ ਵਿਚ ਸੀ, ਪਰ ਬਾਹਰੋਂ ਲੱਗੇ ਕਿ ਘੂਕ ਸੁੱਤਾ ਪਿਆ ਹੈ। ਤਦੋਂ ਮੱਝੀਆਂ ਗਊਆਂ ਇਕ ਜ਼ਿਮੀਂਦਾਰ ਦੇ ਖੇਤ ਵਿਚ ਜਾ ਵੜੀਆਂ, ਜੋ ਖੇਤ ਕਿ ਸਾਵੀ ਸਾਵੀ ਫ਼ਸਲ ਨਾਲ ਲਹਿ ਲਹਿ ਪਿਆ ਕਰਦਾ ਸੀ।

ਏਨੇ ਨੂੰ ਖੇਤ ਦਾ ਮਾਲਕ ਆ ਗਿਆ, ਉਸ ਨੂੰ ਦੇਖ ਕੇ ਰੋਹ ਚੜ੍ਹ ਗਿਆ ਤੇ ਆ ਜ਼ੋਰ ਧਮੱਕੇ ਨਾਲ ਬੋਲਿਆ:—ਕਮਲਾ ਕਿਤੋਂ ਦਾ, ਸੌਂ ਰਿਹਾ ਏ ਮੌਜਾਂ ਨਾਲ, ਦੇਖ ਤੇਰੇ ਡੰਗਰ ਮੇਰਾ ਖੇਤ ਖਾ ਗਏ ਨੀ! ਉਠ ਭਲਾ ਲੋਕ ਏਂ ਤਾਂ ਭਰ ਦੇਹ ਉਜਾੜਾ! ਤਾਂ ਗੁਰੂ ਜੀ ਨੇ ਸਹਿਜ ਨਾਲ, ਅੱਖਾਂ ਖੋਹਲੀਆਂ ਤੇ ਉਸ ਵਲ ਤੱਕੇ, ਅੱਖਾਂ ਵਿਚ ਤਰਸ ਤੇ ਪਿਆਰ ਸੀ। ਆਖਣ ਲੱਗੇ:—ਭਲਿਆ ਲੋਕਾ! ਪਰਮੇਸ਼ਰ ਤੇ ਧਿਆਨ ਲਾ, ਜੇ ਡੰਗਰਾਂ ਮੂੰਹ ਮਾਰ ਲਿਆ ਏ ਕੁਛ ਪੈਲੀ ਨੂੰ ਤਾਂ ਰੱਬ ਨਵੇਂ ਪੁੰਗਾਰੇ ਪਾ ਦੇਵੇਗਾ, ਖਾਧੇ ਬੂਟਿਆਂ ਦੇ ਮੁੱਢਾਂ ਨੂੰ, ਦੋ ਦਹਿ ਗੁਣਾ ਹੋ ਵੈਸੀਆ ਫ਼ਸਲ। ਉਸ ਦੇ ਘਰ ਸਭ ਕੁਛ ਏ।

ਪਰ ਗੁੱਸੇ ਭਰਿਆ ਮਾਲਕ ਉੱਚੀ ਉੱਚੀ ਬੋਲਦਾ ਗਿਆ, ਜਾ ਪਿੱਟਿਆ ਰਾਇ ਬੁਲਾਰ ਅੱਗੇ, ਉਸ ਦੀ ਕਚਹਿਰੀ ਵਿਚ। ਰੱਬੀ ਬਾਲਕੇ ਨੂੰ ਵੀ ਬਾਹੋਂ ਫੜ ਕੇ ਨਾਲੇ ਲੈ ਗਿਆ। ਤਾਂ ਸੁਹਣੇ ਸੁਹਣ ਰੱਬ ਦੇ ਪਿਆਰੇ ਚਾਨਣੇ ਚਿਹਰੇ ਵਾਲੇ ਚੁਪ ਕਰ ਕੇ ਜਾ ਖੜੋਤੇ। ਰਾਇ ਨੇ ਸਾਰੀ ਗੱਲ ਸੁਣ ਕੇ ਮਹਿਤੇ ਨੂੰ ਸੱਦ ਘੱਲਿਆ ਤੇ ਆਖਿਆ:—ਏਸ ਜ਼ਿਮੀਂਦਾਰ ਦਾ ਉਜਾੜਾ ਭਰ ਦੇਹ ਕਾਲੂ ਮਹਿਤਾ, ਤੇਰੇ ਪੁੱਤ ਨੇ ਖੇਤ ਉਜਾੜਿਆ ਏ। ਨਾਲ ਹੀ ਰਾਇ ਮੁੜ ਮੁੜ ਰੱਬ ਦੇ ਬੱਚੇ ਵਲ ਤੱਕ ਕੇ ਹਰਿਆਨ ਹੋਵੇ ਕਿ ਕੀਕੂੰ ਚੁਪ ਚਾਪ ਕਿਸੇ ਸੁਹਣੇ ਸੁਆਂ ਵਿਚ ਖੜੋਤਾ ਏ, ਜਿਵੇਂ ਕੋਈ ਰਾਜ ਪੁਤ੍ਰ ਦਰਬਾਰ ਵਿਚ ਖੜੋਤਾ ਹੁੰਦਾ ਏ, ਚੁਪ ਚਾਪ ਮੂਰਤ ਵਾਂਙੂ, ਕੇਡਾ ਸੁਹਣਾ ਤੇ ਪਿਆਰਾ ਪਿਆਰਾ ਪਿਆ ਲਗਦਾ ਏ।

ਕਾਲੂ ਆਖਿਆ—ਰਾਇ ਜੀ ਮੇਰੇ ਕੀ ਵੱਸ ਹੈ, ਪੁਤ ਹੀ ਐਸਾ ਹੈ ਜੋ ਕਿਸੇ ਕੰਮ ਵਿਚ ਦੀਦਾ ਨਹੀਂ ਦੇਂਦਾ। ਇਹਨੂੰ ਲੋਕੀ ਕਮਲਾ ਜਾਣ ਕੇ ਭੀ ਉਜ ਲਾ ਸਕਦੇ ਨੇ, ਆਪ ਜੀ ਸਹੀ ਤਾਂ ਕਰੋ।

ਤਦ ਰਾਇ ਨੇ ਆਪਣੇ ਪਿਆਦੇ ਘੱਲੇ ਜੋ ਜਾ ਕੇ ਦੇਖਣ ਕਿ ਠੀਕਖੇਤ ਉਜੜਿਆ ਏ ਕਿ ਭੱਟੀ ਕੂੜ ਮਾਰਦਾ ਏ। ਪਿਆਦਾ ਕੌਣ ਹੁੰਦਾ ਏ ? ਪਿਆਦਾ ਹੁੰਦਾ ਏ ਪੈਦਲ ਟੁਰ ਕੇ ਜਾਣ ਵਾਲਾ। ਪਰ ਉਹ ਹੁੰਦਾ ਹੈ ਵਡੇ ਹਾਕਮ ਦਾ, ਚਪੜਾਸੀ ਆਖੋ ਕਿ ਨੌਕਰ ਆਖੋ, ਜੋ ਕਚਹਿਰੀ ਹੁੰਦਾ ਏ ਖੜਾ ਤੇ ਹਾਕਮ ਦੇ ਹੁਕਮ ਹੋਣ ਤੇ ਕੰਮ ਕਰਨ ਜਾਂਦਾ ਏ।

ਸੋ ਪਿਆਦਿਆਂ ਨੇ ਆ ਕੇ ਆਖਿਆ ਕਿ ਰਾਇ ਹੀ ਇਹ ਪੈਲੀ ਵਾਲਾ ਕੂੜ ਮਾਰਦਾ ਏ, ਉਥੇ ਤਾਂ ਖੇਤ ਲਹਿ ਲਹਿ ਪਿਆ ਕਰਦਾ ਏ, ਇਕ ਪੱਠਾ ਬੀ ਕਿਸੇ ਪਸੂ ਨੇ ਨਹੀਂ ਖਾਧਾ ਦਿੱਸਦਾ। ਤਦ ਰਾਇ ਭੱਟੀ ਵਲ ਗੁੱਸੇ ਨਾਲ ਤੱਕਿਆ। ਇਹ ਵੇਖ ਕੇ ਓਸ ਜ਼ਿਮੀਂਦਾਰ ਆਖਿਆ:—ਰਾਇ ਜੀ! ਮੈਂ ਕੂੜ ਨਹੀਂ ਮਾਰਿਆ, ਠੀਕ ਮੱਝੀਆਂ ਖੇਤ ਖਾਧਾ ਏ। ਇਹ ਬਾਲ ਕੋਈ ਵਲੀ ਏ ਕਿ ਸਾਹਿਰ* ਏ। ਏਸ ਨੇ ਕਰਾਮਾਤ ਕੀਤੀ ਏ। ਏਸ ਨੇ ਮੈਨੂੰ ਆਖਿਆ ਸੀ: ਸਬਰ ਕਰ, ਰਬ ਭਲਾ ਕਰਸੀ, ਮੁੱਢ ਫੁਟ ਵੈਸਣ,

*ਜਾਦੂਗਰ।

(ਬਾਕੀ ਦੇਖੋ ਸਫ਼ਾ ੨੫ ਹੇਠ, ਦੂਜਾ ਕਾਲਮ)



www.AKJ.Org

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ

[ਵਲੋਂ :– ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

## ੧੩. ਪਟਨੇ ਤੋਂ ਕੂਚ ਤਿਆਰੀ–

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਅਸਾਮ ਵਿਚ ਸਨ, ਤਦੋਂ ਸਾਹਿਬਜ਼ਾਦੇ ਜੀ ਪਟਨੇ ਵਿਚ ਅਵਤਾਰਧਾਰੀ ਹੋਏ ਸਨ। ਕੁਛ ਸਮੇਂ ਮਗਰੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਪਟਨੇ ਆ ਗਏ ਤੇ ਆਪਣੇ ਪਜਾਰੇ ਪੁਤ੍ਰ ਨੂੰ ਮਿਲ ਕੇ ਬੜੇ ਖੁਸ਼ੀ ਹੋਏ ਸਨ। ਕੁਛ ਚਿਰ ਪਟਨੇ ਰਹਿ ਕੇ ਆਪ ਆਪਣੇ ਦੇਸ਼ ਪੰਜਾਬ ਨੂੰ ਤੇ ਸ਼ਹਿਰ ਅਨੰਦਪੁਰ ਨੂੰ ਟੁਰ ਆਏ ਸਨ ਤੇ ਸਾਹਿਬ-ਜ਼ਾਦੇ ਜੀ ਨੂੰ ਉਨ੍ਹਾਂ ਦੀ ਮਾਤਾ ਤੇ ਦਾਦੀ ਸਮੇਤ ਪਟਨੇ ਹੀ ਛੋੜ ਆਏ ਸਨ ਕਿ ਹਾਲੇ ਕੁਛ ਸਮਾ ਏਥੇ ਹੀ ਰਹਿਣ। ਲਿਖਿਆ ਹੈ ਕਿ ਗੁਰੂ ਜੀ ਸਾਹਿਬਜ਼ਾਦੇ ਜੀ ਦੀ ਰਾਖੀ ਤੇ ਪਾਲਣਾ ਲਈ ਮਾਮਾ ਕ੍ਰਿਪਾਲ ਚੰਦ, ਦੀਵਾਨ ਮਤੀ ਰਾਮ ਤੇ ਮੁਨਸ਼ੀ ਸਾਹਿਬ ਚੰਦ ਜੀ ਨੂੰ ਪਟਨੇ ਉਨ੍ਹਾਂ ਦੇ ਪਾਸ ਛੋੜ ਗਏ ਸਨ।

ਸੋ ਪਟਨੇ ਵਿਚ ਵਸਦਿਆਂ ਸਾਹਿਬਜ਼ਾਦੇ ਜੀ ਹੁਣ ੭ ਕੁ ਸਾਲ ਦੇ ਯਾ ਕੁਛ ਘੱਟ ਵਰੇਸ ਦੇ ਹੋ ਗਏ ਸਨ। ਹੁਣ ਆਪ ਜੀ ਕਾਹਲੇ ਪੈਂਦੇ ਸਨ ਕਿ ਪਿਤਾ ਜੀ ਪਾਸ ਚਲਣਾ ਹੈ, ਏਸ ਦੇਸ ਵਿਚ ਨਹੀਂ ਰਹਿਣਾ। ਭਾਵੇਂ ਕਿੰਨੇ ਪਿਆਰ ਹੁੰਦੇ ਸਨ, ਸੇਵਾ ਹੁੰਦੀਆਂ ਸਨ, ਪਰ ਆਪ ਜੀ ਆਪਣੇ ਪਜਾਰੇ ਪਿਤਾ ਜੀ ਪਾਸ ਜਾਣ ਨੂੰ ਬੜੇ ਓਦਰਦੇ ਤੇ ਕਾਹਲੇ ਪੈਂਦੇ ਸਨ। ਓਧਰੋਂ ਪਿਤਾ ਜੀ ਦਾ ਸੰਦੇਸਾ ਬੀ ਆ ਗਿਆ, ਤਦ ਪਟਨੇ ਤੋਂ ਕੂਚ ਦੀ ਤਿਆਰੀ ਹੋ ਗਈ। ਹਾਂ ਹੁਣ ਤੁਰਨ ਦੇ ਲਗੇ ਤਿਆਰੇ ਹੋਣ।

ਸ਼ਹਿਰ ਵਿਚ ਜਦ ਖਬਰ ਧੁੰਮ ਗਈ ਕਿ ਸ੍ਰੀ ਮਾਤਾ ਜੀ ਸਾਡੇ ਬਾਲਾ ਪ੍ਰੀਤਮ ਜੀ ਨੂੰ ਨਾਲ ਲੈ ਕੇ ਪੰਜਾਬ ਨੂੰ ਟੁਰਨ ਦੀ ਤਿਆਰੀ ਕਰ ਰਹੇ ਹਨ ਤਾਂ ਸਾਰਿਆਂ ਨੂੰ ਬੜੀ ਉਦਾਸੀ ਤੇ ਦਿਲਗੀਰੀ ਹੋਈ। ਦਿਲਗੀਰੀ ਆਖਦੇ ਹਨ ਮਨ ਦੇ ਚਾਉ ਵਿਚ ਨਾ ਰਹਿਣ ਨੂੰ।

## ੧੪. ਪ੍ਰੇਮੀਆਂ ਤੋਂ ਵਿਛੋੜੇ–

ਤੁਰਨ ਦਾ ਵੇਲਾ ਆ ਗਿਆ। ਪਿਆਰ ਕਰਨ ਵਾਲੇ ਬੜੇ ਉਦਾਸ, ਦਿਲਗੀਰ ਤੇ ਅੱਖਾਂ ਤੋਂ ਅੱਥਰੂ ਕੇਰ ਕੇਰ ਬੜੇ ਘਾਬਰਨ ਲੱਗ ਪਏ।

ਸਭਨਾਂ ਤੋਂ ਵਧੀਕ ਵਿਛੁੜਨ ਦੀ ਪੀੜ ਮੈਣੀ ਫ਼ਤੇ ਚੰਦ ਦੀ ਮੈਣਿਆਣੀ ਨੂੰ ਹੋਈ। ਇਹ ਰਾਣੀ ਤਾਂ

---

(੨੪ ਸਫ਼ੇ ਦੀ ਬਾਕੀ)

ਫਸਲ ਦਹ ਦੂਣੀ ਹੋ ਵੈਸੀ। ਮੈਂ ਨਾ ਅਮੰਨਾ ਕੀਤੀ, ਰਾਇ ਜੀ ! ਮੇਰੇ ਨਾਲ ਆਉਂਦਾ ਬਾਲਕਾ ਮੁੜ ਮੁੜ ਉਜੜੇ ਖੇਤ ਵਲ ਵੇਂਹਦਾ ਸੀ। ਏਸ ਕੋਈ ਨਜ਼ਰ ਪਾਈ ਊ ਵਲੀਆਂ ਫਕੀਰਾਂ ਵਾਲੀ, ਹਰਿਆ ਹੋ ਵੰਞਿਆ ਏ ਖੇਤ। ਮੈਂ ਨਾ ਕੂੜ ਮਾਰਿਆ ਏ। ਤਦ ਜ਼ਿਮੀਂਦਾਰ ਨੇ ਸਿਰ ਨਿਵਾਇਆ ਤੇ ਰਾਇ ਨੇ ਉਸ ਨੂੰ ਝੂਠਾ ਕਰ ਟੋਰਿਆ।

ਹੁਣ ਰਾਇ ਗੁਰੂ ਬਾਲਕੇ ਵਲ ਘੜੀ ਘੜੀ ਵੇਂਹਦਾ ਰਿਹਾ। ਅਗੇ ਰਾਇ ਲੋਕਾਂ ਤੋਂ ਗੱਲਾਂ ਸੁਣਦਾ ਰਹਿੰਦਾ ਸੀ ਕਿ ਕਿਵੇਂ ਪਾਂਧੇ, ਪੰਡਿਤ ਤੇ ਮੁੱਲਾਂ ਨੂੰ ਰੱਬ ਦੇ ਘਰ ਦੀਆਂ ਗਲਾਂ ਕਰ ਕੇ ਹਰਿਆਨ ਕੀਤਾ ਸੁ ਤੇ ਫੇਰ ਕਿਵੇਂ ਜਨੇਊ ਵੇਲੇ ਅਗਮ ਨਿਗਮ ਦੀਆਂ ਗਲਾਂ ਕੀਤੀਆਂ ਸੂ। ਇਹ ਬੀ ਸੁਣਦਾ ਸੀ ਕਿ ਕਈ ਲੋਕ ਉਹਨੂੰ ਕਮਲਾ ਕਹਿੰਦੇ ਹਨ, ਪਰ ਅਜ ਬਹੁਤ ਹਰਿਆਨ ਸੀ ਕਿ ਅਸਲ ਗੱਲ ਕੀ ਹੈ ? ਤੇ ਉਵੇ ਉਸ ਨੂੰ ਸੂਰਤ ਡਾਢੀ ਪਿਆਰੀ ਲਗਦੀ ਸੀ। ਮੁੜ ਮੁੜ ਪਿਆਰ ਨਾਲ ਵੇਖਦਾ ਸੀ ਤੇ ਵੇਖਦਾ ਸੀ। ਦਿਲ ਵਿਚ ਆਖੇ ਭੱਟੀ ਦਾ ਖੇਤ ਉਜੜਿਆ ਤੇ ਏਸ ਨੇ ਕਰਾਮਾਤ ਕਰ ਕੇ ਹਰਿਆ ਕਰ ਦਿਤਾ ਹੈ; ਤਾਂ ਤੇ ਇਹ ਵਲੀ ਹੈ, ਰੱਬ ਦਾ ਕੋਈ ਪਿਕਾਮਰ ਏ ਜੋ ਮੇਰੇ ਰਾਜ ਵਿਚ ਆ ਉਤਰਿਆ ਏ। ਪਿਕਾਮਰ ਆਖਦੇ ਹਨ ਰੱਬ ਦੇ ਘੱਲੇ ਵਡੇ ਉੱਚੇ ਸੁੱਚੇ ਰੱਬ ਪਜਾਰੇ ਨੂੰ।

["ਬਾਲਮ ਸਾਖੀਆਂ" ਚੋਂ ਧੰਨਵਾਦ ਸਹਿਤ



www.AKJ.Org

ਝੱਲੀ ਜੇਹੀ ਹੋ ਕੇ ਬਾਲਾ ਪ੍ਰੀਤਮ ਨੂੰ ਗੋਦੀ ਵਿਚ ਲੈ ਕੇ ਚੰਬੜ ਗਈ। ਘੁੱਟ ਘੁੱਟ ਕੇ ਗਲੇ ਲਾਵੇ, ਜਿਵੇਂ ਸੱਕੀ ਮਾਂ ਲਾਉਂਦੀ ਹੈ, ਚਰਨ ਹੱਥ ਵਿਚ ਲੈ ਕੇ ਪਲੋਸੇ, ਅੱਖਾਂ ਨੂੰ ਲਾਵੇ ਤੇ ਚੁੰਮ ਚੁੰਮ ਕੇ ਨਿਹਾਲ ਹੋਵੇ, ਹੰਝੂ ਰੋਕੇ, ਪਰ ਅੱਖੀਆਂ ਵਿਚੋਂ ਛਮਾ ਛਮ ਹੰਝੂ ਵਗਦੇ ਜਾਣ। ਲੰਮੇ ਲੰਮੇ ਸਾਹ ਆ ਕੇ ਮੂੰਹੋਂ ਨਿਕਲੇ: ਸਦਕੇ, ਸਾਰੀ ਸਦਕੇ !

ਇਹੋ ਹਾਲ ਫਤੇ ਚੰਦ ਰਾਜੇ ਦਾ ਹੋਇਆ। ਉਹ ਬੀ ਘੁੱਟ ਘੁੱਟ ਗਲੇ ਲਾਵੇ, ਸਦਕੇ ਹੋਵੇ, ਵਾਰ ਵਾਰ ਚਰਨ ਚੁੰਮੇ।

ਇਸ ਵੇਲੇ ਨਿਆਣੇ ਨਿਆਣੇ ਲਗਦੇ ਤੇ ਬਾਲਾਂ ਵਾਲੇ ਚੋਜ ਕਰਦੇ ਬਾਲਾ ਪ੍ਰੀਤਮ ਜੀ ਐਸੀਆਂ ਗਿਆਨ ਵੈਰਾਗ ਤੇ ਫੇਰ ਪਿਆਰ ਭਰੀਆਂ ਗੱਲਾਂ ਕਰਨ ਲਗੇ; ਜੀਕੂੰ ਕੋਈ ਵਡੀ ਉਮਰਾ ਵਾਲਾ ਕਰਦਾ ਹੈ। ਦੋਹਾਂ ਨੂੰ ਪਿਆਰ ਬੀ ਉਛਲਦਾ ਰਿਹਾ, ਪਰ ਧੀਰਜ ਬੀ ਆ ਗਿਆ। ਤਦੋਂ ਆਪ ਜੀ ਨੇ ਦੋਹਾਂ ਨੂੰ ਆਪਣੀ ਨਿਸ਼ਾਨੀ ਦਿੱਤੀ :—

ਇਕ ਕ੍ਰਿਪਾਨ, ਇਕ ਕਟਾਰ, ਆਪਣੀ ਇਕ ਸਾਰੀ ਪੁਸ਼ਾਕੀ ਦਿੱਤੀ ਤੇ ਆਖਿਆ ਮੈਂ ਤੁਸਾਂ ਦੇ ਕੋਲ ਹੋਸਾਂ, ਪਰ ਜਦੋਂ ਤੁਸਾਂ ਦਾ ਜੀ ਡਾਢਾ ਉਤਾਵਲਾ ਹੋ ਜਾਏ ਦਰਸ਼ਨਾਂ ਨੂੰ, ਤਾਂ ਇਨ੍ਹਾਂ ਵਸਤਾਂ ਦਾ ਦਰਸ਼ਨ ਕਰਨਾ ਤੇ ਮੇਰੇ ਨਾਲ ਖੇਡਣ ਵਾਲੇ ਮੇਰੇ ਸਾਥੀ ਬੱਚਿਆਂ ਨੂੰ ਸਦਵਾ ਕੇ ਪੂਰੀ ਛੋਲੇ ਖੁਆਉ੍ਣੇ, ਉਨ੍ਹਾਂ ਵਿਚ ਤੁਹਾਨੂੰ ਮੇਰੇ ਦਰਸ਼ਨ ਹੋਇਆ ਕਰਨਗੇ†।

ਜਿਸ ਵੇਲੇ ਇਹ ਬਖਸ਼ੀਸ਼ਾਂ ਹੋ ਰਹੀਆਂ ਸਨ ਉਸ ਵੇਲੇ ਪੰਡਿਤ ਤੇ ਰਾਜਾ ਸ਼ਿਵਦੱਤ ਸਿਰ ਨੀਵਾਂ ਕਰ ਕੇ, ਹੱਥ ਜੁੜੇ, ਖੜਾ ਸਭ ਗੱਲਾਂ ਦੇਖ ਰਿਹਾ ਸੀ।

ਅੱਖਾਂ ਵਿਚ ਮੋਤੀਆਂ ਵਰਗੇ ਅੱਥਰੂ ਭਰਦੇ ਸਨ ਤੇ ਡੁਲ੍ਹਦੇ ਸਨ, ਬੁਲ੍ਹ ਫੜਕਦੇ ਸਨ, ਪਰ ਚੁੱਪ ਸਨ। ਤਦ ਆਪ ਨੇ ਡਿੱਠਾ ਤੇ ਉਸ ਨੂੰ ਜੱਫੀ ਪਾ ਕੇ ਘੁੱਟ ਕੇ ਮਿਲੇ, ਆਖਣ ਲਗੇ: ਸ਼ਿਵਦੱਤ ! ਤੈਨੂੰ ਤੇਰੇ ਸਵੇਰ ਦੀ ਪੂਜਾ ਸਮੇਂ ਦਰਸ਼ਨ ਹੋਯਾ ਕਰਨਗੇ। ਤੇਰੀ ਕਲਿਆਣ, ਪਯਾਰੇ ਮੇਰੇ। ਤੇਰੀ ਕਲਯਾਣ। ਜਿਸ ਦਾ ਅਰਥ ਇਹ ਸ਼ੀ ਕਿ ਤੇਰਾ ਏਸ ਦੁਨੀਆ ਵਿਚ ਬੀ ਤੇ ਅਗਲੀ ਵਿਚ ਬੀ ਭਲਾ ਹੋਵੇਗਾ।

ਫੇਰ ਆ ਗਿਆ ਜਗਤਾ ਸੇਠ। ਏਸ ਨੇ ਸਾਹਿਬਜ਼ਾਦੇ ਜੀ ਦੇ ਸਫਰ ਦਾ ਸਾਰਾ ਬਾਨ੍ਹਣੂ ਬੰਨ੍ਹ ਦਿੱਤਾ ਸੀ। ਹਰ ਸ਼ਹਿਰ ਵਿਚ, ਜੋ ਰਸਤੇ ਵਿਚ ਪੈਂਦੇ ਸਨ, ਜਿਥੇ ਜਿਥੇ ਇਸ ਦੀ ਕੋਠੀ ਸੀ, ਇਸ ਦੇ ਹੁਕਮ ਚਲੇ ਗਏ ਸਨ ਕਿ ਸਾਹਿਬਜ਼ਾਦੇ ਜੀ ਤੇ ਸਾਰੇ ਸਾਥ ਲਈ ਉਤਾਰੇ, ਰਹਿਣ ਤੇ ਟੁਰਨ ਦੇ ਸਮਾਨ ਆਦਰ ਤੇ ਅਦਬ ਵਾਲੇ ਹੋ ਜਾਣ। ਸਭ ਥਾਂ ਖ਼ਾਤਰ ਹੋਵੇ।

ਹੁਣ ਉਹ ਵਿਦੈਗੀ ਦੇ ਦਰਸ਼ਨਾਂ ਲਈ ਆਇਆ। ਜਦੋਂ ਕੋਈ ਪਿਆਰਾ ਟੁਰਨ ਲਗੇ ਤਾਂ ਉਸ ਨੂੰ ਜਿਸ ਪਯਾਰ ਤੇ ਸੁਹਣੇ ਦਿਲ ਨਾਲ ਟੋਰੀਦਾ ਹੈ, ਉਸ ਨੂੰ ਵਿਦੈਗੀ ਆਖੀਦਾ ਹੈ। ਸਾਹਿਬ-ਜ਼ਾਦੇ ਜੀ ਜਗਤੇ ਸੇਠ ਨੂੰ ਆਖਣ ਲਗੇ: ਤੂੰ ਧੰਨ ਹੋ ਗਿਆ, ਜਿਸਨੇ ਸਾਰੇ ਪ੍ਰਬੰਧ ਕਰ ਦਿੱਤੇ ਹਨ, ਤੂੰ ਮੇਰੇ ਬਾਬਲ ਦੇ ਹੁਕਮ ਵਿਚ ਕੀਤਾ ਹੈ ਸਭੋ ਕੁਛ, ਉਸ ਬਾਬਲ ਨੇ ਪੂਰੇ ਪਰਵਾਨੇ ਘੱਲ ਕੇ ਮੈਨੂੰ ਜਗਤ ਵਿਚ ਟੋਰਿਆ ਸੀ। ਗੁਰੂ ਜੀ ਇਸ ਵੇਲੇ ਆਪਣੇ ਰੱਬ ਜੀ ਨੂੰ ਬਾਬਲ ਆਖ ਰਹੇ ਸਨ।

ਸੇਠ ਨੇ ਦਰਸ਼ਨ ਦੀ ਦਾਤ ਮੰਗੀ ਤਾਂ ਬਾਲਾ ਪ੍ਰੀਤਮ ਜੀ ਨੇ ਕਿਹਾ: ਗੁਰਦੁਆਰੇ ਅੰਮ੍ਰਿਤ ਵੇਲੇ ਦੀਵਾਨ ਵਿਚ ਰੋਜ਼ ਜਾਯਾ ਕਰਨਾ, ਓਥੇ ਤੁਹਾਨੂੰ ਸਾਧ ਸੰਗਤ ਦੇ ਦਰਸ਼ਨ ਵਿਚ ਮੇਰੇ ਦਰਸ਼ਨ ਹੋਇਆ ਕਰਨਗੇ। ਅੰਤ ਨੂੰ ਮੁਕਤੀ ਪਾਏਂਗਾ, ਤੂੰ ਵਾਹਿਗੁਰੂ ਜੀ ਪਾਸ ਸੁਖਾਂ ਨਾਲ ਜਾਏਂਗਾ।

ਫੇਰ ਆ ਗਏ ਨਵਾਬ ਰਹੀਮ ਬਖ਼ਸ਼ ਕਰੀਮ ਬਖਸ਼। ਇਹਨਾਂ ਨੂੰ ਦਿਲਗੀਰ ਦੇਖ ਕੇ ਬਾਲਾ ਪ੍ਰੀਤਮ ਜੀ ਨੇ ਕਿਹਾ: ਕੁਛ ਮੰਗੋ ! ਤਾਂ ਬੋਲੇ: ਦਰਸ਼ਨ ਦਾਤ।

---

†ਸੋ ਵੇਖੋ ਭਾਈ ਰਾਜਾ ਫਤੇ ਚੰਦ ਤੇ ਉਸ ਦੀ ਰਾਣੀ ਨੇ ਆਪ ਜੀ ਦੇ ਚਲ ਜਾਣ ਮਗਰੋਂ ਇਸੇ ਤਰ੍ਹਾਂ ਕੀਤਾ। ਸਗੋਂ ਜਿਸ ਵਡੇ ਸੁਹਣੇ ਦਲਾਨ ਵਿਚ ਸਾਹਿਬਜ਼ਾਦੇ ਆਰਾਮ ਕਰਿਆ ਕਰਦੇ ਸਨ, ਉਸ ਨੂੰ ਗੁਰਦੁਆਰਾ ਬਣਾ ਦਿੱਤਾ। ਫੇਰ ਰਾਜਾ ਤੇ ਰਾਣੀ ਆਨੰਦਪੁਰ ਸਾਹਿਬ ਬੀ ਆਏ ਸਨ, ਤਦੋਂ ਆਪ ਜੀ ਨੇ ਇਨ੍ਹਾਂ ਨੂੰ ਇਕ ਪਵਿਤ੍ਰ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀ ਦਿੱਤੀ ਸੀ। ਸਾਰੀਆਂ ਵਸਤਾਂ ਦੇ ਦਰਸ਼ਨ ਹਿਥੇ ਟਿਕਾਦਸ਼ੀ ਨੂੰ ਹੁੰਦੇ ਹਨ।



www.AKJ.Org

ਆਪ ਬੋਲੇ: ਤੁਸਾਨੂੰ ਗੁਰੂ ਪਿਤਾ ਜੀ ਜੋ ਜਪੁਜੀ ਸਾਹਿਬ ਬਖਸ਼ ਗਏ ਹਨ, ਉਸ ਦੇ ਭੋਗ ਸਮੇਂ ਦਰਸ਼ਨ ਹੋਇਆ ਕਰਨਗੇ । ਰੋਜ਼ ਪਾਠ ਕਰਿਆ ਕਰਨਾ ।

ਜੈਤੇ ਭਗਤ ਨੇ, ਜੋ ਗੁਰੂ ਨੌਵੇਂ ਪਾਤਸ਼ਾਹ ਦਾ ਬਖਸ਼ਿਆ ਹੋਇਆ ਉਚਾ ਸਿਖ ਸੀ, ਬੀ ਦਰਸ਼ਨ ਦੀ ਦਾਤ ਮੰਗੀ । ਬਾਲਾ ਪ੍ਰੀਤਮ ਜੀ ਸੁਣ ਕੇ ਹੱਸ ਪਏ ਤੇ ਮਿੱਠੀ ਵਾਜ ਵਿਚ ਬੋਲੇ: ਜੈਤਾ ਭਗਤ ! ਤੇਰੇ ਵਿਚ ਦਰਸ਼ਨ ਵਸਦੇ ਹਨ, ਜੇ ਹੋਰ ਪਜਾਰ ਉਠੇ ਤਾਂ ਨਿਤਨੇਮ ਵੇਲੇ ਤੈਨੂੰ ਮੇਰੇ ਰੂਪ ਦਾ ਝਲਕਾ ਵਜਿਆ ਕਰੇਗਾ ।

ਫਿਰ ਸਾਰੀ ਸੰਗਤ ਵਲੋਂ ਅਰਦਾਸ ਹੋਈ ਤਾਂ ਆਪ ਬੋਲੇ, ਸਾਧ ਸੰਗਤ ਜੀ, ਮੇਰੇ ਸਰੀਰ ਦਾ ਦਰਸ਼ਨ ਚਾਹੋ ਤਾਂ ਮੈਂ ਪੰਘੂੜੀ† ਛੋੜ ਚਲਿਆ ਹਾਂ, ਜਿਸ ਦਾ ਜੀ ਉਮਲੇ, ਦਰਸ਼ਨ ਕਰ ਲਿਆ ਕਰਨਾ । ਪਰ ਜੇ ਮੇਰੇ ਆਤਮਾ ਦਾ ਦਰਸ਼ਨ ਚਾਹੋ ਤਾਂ ਰੋਜ਼ ਗੁਰਦੁਆਰੇ ਵਿਚ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਆ ਕੇ ਦਿਲ ਜੋੜ ਕੇ ਸ਼ਬਦ ਵਿਚ ਸੁਰਤ ਪ੍ਰੋ ਲਿਆ ਕਰੋ, ਤਦ ਤੁਸਾਨੂੰ ਆਪਣੇ ਮਨ ਵਿਚ ਦਰਸ਼ਨ ਹੋਇਆ ਕਰਨਗੇ। ਇਹ ਦਰਸ਼ਨ ਸਦਾ ਲਈ ਸਭ ਜੋਗੇ ਹਨ । ਜਦੋਂ ਕੋਈ ਚਾਹੇ ਇਹ ਦਰਸ਼ਨ ਹੋ ਜਾਇਆ ਕਰਨਗੇ ।

### ੧੫. ਦਾਨਾਪੁਰ—

ਗੱਲ ਕੀ, ਇਸ ਪ੍ਰਕਾਰ ਬਾਲਕੇ ਪਰ ਦਾਨੇ ਬਾਲਾ ਪ੍ਰੀਤਮ ਜੀ, ਸ੍ਰੀ ਮਾਤਾ ਜੀ, ਸ੍ਰੀ ਦਾਦੀ ਜੀ, ਸ੍ਰੀ ਮਾਮਾ ਜੀ, ਸਾਰੇ ਹੋਰ ਮੁਨਸ਼ੀ ਆਦਿ ਸੇਵਕਾਂ ਨੂੰ ਨਾਲ ਲੈ ਕੇ ਪਟਨੇ ਤੋਂ ਵਿਦਾ ਹੋਏ ।

ਬਾਲਾ ਪ੍ਰੀਤਮ ਪਾਲਕੀ ਤੇ ਸਵਾਰ ਹੋਏ । ਦੋਵੇਂ ਮਾਤਾ ਜੀ ਡੋਲਿਆਂ ਵਿਚ ਤੇ ਹੋਰ ਸਾਥ ਬਹਿਲੀਆਂ ਵਿਚ ਸਵਾਰ ਹੋ ਕੇ ਟੁਰ ਪਏ ।

ਪਹਿਲੀ ਮਜਲ ਦਾਨਾਪੁਰ ਪਈ। ਸਾਰੀ ਸੰਗਤ ਇਥੋਂ ਤਕ ਨਾਲ ਆਈ । ਇਹ ਥਾਂ ਪਟਨੇ ਤੋਂ ਬਾਰਾਂ ਕੁ ਕੋਹ ਹੋਸੀ । ਇਸ ਥਾਂ ਇਕ ਗੁਰੂ ਘਰ ਦੀ ਪ੍ਰੇਮਣ ਮਾਈ ਵਸਦੀ ਸੀ । ਇਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਪਟਨੇ ਜਾਂਦਿਆਂ ਆਉਂਦਿਆਂ ਇਕ ਮਿੱਟੀ ਦੀ ਹਾਂਡੀ ਵਿਚ ਖਿੱਚੜੀ ਰਿੰਨ੍ਹ ਕੇ ਪ੍ਰੇਮ ਨਾਲ ਛਕਾਈ ਸੀ। ਉਹ ਹਾਂਡੀ ਇਸ ਨੇ ਅਦਬ ਨਾਲ ਸਾਂਭ ਰਖੀ ਸੀ ਕਿ ਇਸ ਨਿਮਾਣੀ ਵਿਚੋਂ ਰਿੱਧੀ ਗਈ ਖਿੱਚੜੀ ਮੇਰੇ ਦੀਨ ਦੁਨੀ ਦੇ ਪਾਤਸ਼ਾਹ ਨੇ ਛਕੀ ਹੈ । ਅੱਜ ਫੇਰ ਉਸ ਨੇ ਸੰਗਤ ਨੂੰ ਦਾਲ ਰੋਟੀ ਭਾਜੀ ਖੁਆਈ, ਪਰ ਸਾਹਿਬਜ਼ਾਦੇ ਜੀ ਨੂੰ ਉਸੇ ਹਾਂਡੀ ਵਿਚ ਰਿੰਨ੍ਹ ਕੇ ਖਿੱਚੜੀ ਖੁਆਈ, ਜੋ ਧੁਰਾਂ ਦੇ ਰੱਜੇ ਪ੍ਰੀਤਮ ਨੇ ਬੜੇ ਸੁਆਦ ਨਾਲ ਛਕੀ ਤੇ ਪਿਆਰ ਵਾਲੀ ਪ੍ਰੋਤੀ ਮਾਈ ਨੂੰ ਮੁਕਤੀ ਦਾ ਦਾਨ ਦਿੱਤਾ। ਅਗਲੇ ਦਿਨ ਸਾਹਿਬਜ਼ਾਦੇ ਜੀ ਅਗੇ ਤੁਰਨ ਨੂੰ ਤਿਆਰ ਹੋਏ । ਪਟਨੇ ਤੋਂ ਨਾਲ ਆਈ ਸੰਗਤ ਨੂੰ ਮੁੜ ਕੇ ਪਿਆਰ ਕਰਦੇ, ਅਸੀਸਾਂ ਤੇ ਵਰਦਾਨ ਦੇਂਦੇ ਰਹੇ। ਸਾਰੇ ਸਿਖ ਹੱਥ ਬੰਨ੍ਹੀ ਖੜੇ, ਨੈਣਾਂ ਤੋਂ ਛਮ ਛਮ ਮੀਂਹ ਵਸਾਂਦੇ, ਸ਼ਰਧਾ ਤੇ ਪਿਆਰ ਵਿਚ ਖੜੇ ਸਨ, ਜਦ ਆਪ ਜੀ ਤੁਰ ਪਏ, ਐਉਂ ਜਿਕੂੰ ਫੁਲਾਂ ਵਿਚੋਂ ਖੁਸ਼ਬੋਈ ਉਠ ਟੁਰਦੀ ਹੈ।

ਜਦ ਸਾਹਿਬਜ਼ਾਦੇ ਜੀ ਦੂਰ ਨਿਕਲ ਗਏ ਤੇ ਸਾਥ ਸਣੇ ਉਹਲੇ ਹੋ ਗਏ ਤਾਂ ਸੰਗਤ ਪਟਨੇ ਨੂੰ ਮੁੜ ਪਈ । ਧੰਨ ਧੰਨ ਆਖਦੀ ਤੇ ਵਾਹਿਗੁਰੂ ਵਾਹਿਗੁਰੂ ਜਪਦੀ ਮਾਈ ਨੇ ਆਪਣੇ ਘਰ ਨੂੰ ਗੁਰਦੁਆਰਾ ਬਣਾ ਦਿੱਤਾ, ਜਿਸ ਨੂੰ ਹੁਣ ਤਾਈਂ 'ਹਾਂਡੀ ਵਾਲੀ ਸੰਗਤਿ' ਆਖਦੇ ਹਨ ।

["ਬਾਲਮ ਸਾਖੀਆਂ" ਚੋਂ ਧੰਨਵਾਦ ਸਾਹਿਤ

†ਦੱਸੀਦਾ ਹੈ ਕਿ ਪੰਘੂੜਾ ਅਜੇ ਤਕ ਪਟਨੇ ਵਿਕ ਹੈ ਅਤੇ ਦਰਸ਼ਨ ਹੁੰਦੇ ਹਨ ।

## ਕੀਰਤਨ ਸਿਖਾਉਣ ਲਈ ਗੁਰਸਿਖ ਦੀ ਲੋੜ

ਭਾਈ ਸਤਨਾਮ ਸਿੰਘ ਜੀ ਪਿੰਡ ਚੰਦੂ ਮਾਜਰਾ, P. O. ਸਰਾਏ ਵਣਜਾਰਾ ਤਸੀਲ ਰਾਜਪੁਰਾ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਪਿੰਡ ਵਿਚ ਬੱਚਿਆਂ ਬੱਚੀਆਂ ਨੂੰ ਗੁਰਬਾਣੀ ਦਾ ਕੀਰਤਨ ਸਿਖਾਉਣ ਲਈ ਇਕ ਗੁਰਸਿਖ ਦੀ ਲੋੜ ਹੈ । ਯੋਗ ਸੇਵਾ-ਫਲ ਦਿਤਾ ਜਾਵੇਗਾ । ਲੋੜਵੰਦ ਸੱਜਣ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਕਰਨ—

ਭਾਈ ਜੋਗਿੰਦਰ ਸਿੰਘ ਜੀ C/o ਸੂਰਾ ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।



www.AKJ.Org

# ਪਾਵਨ ਬੀੜਾਂ ਦੀ ਛਪਾਈ

## ਪੰਥਕ ਵਿਅਕਤੀਆਂ ਅਤੇ ਸੰਸਥਾਵਾਂ ਦੇ ਧਿਆਨ ਯੋਗ

[ਵਲੋਂ :– ਸ: ਮੋਹਨ ਸਿੰਘ ਜੀ, ਮੁਜ਼ੱਫ਼ਰਪੁਰ]

ਪਾਵਨ ਬੀੜਾਂ ਦੀ ਛਪਾਈ ॥
ਪੰਥ ਨੇ ਵਰਤੀ ਲਾ-ਪਰਵਾਹੀ ॥੧॥
ਤਾਂ ਇਹ ਹੱਥ ਵਪਾਰੀਆਂ ਆਈ ॥
ਉਹਨਾਂ ਰੱਜ ਕੇ ਲੁੱਟ ਮਚਾਈ ॥੨॥
ਨਾਲੇ ਕਰਦੇ ਲਾ-ਪਰਵਾਹੀ ॥
ਜਿਸ ਤੋਂ ਹੁੰਦੀ ਗ਼ਲਤ ਛਪਾਈ ॥੪॥
ਇਹਨਾਂ ਗੁਪਤੀ ਕਲਾ ਭਵਾਈ ॥
ਸਾਰੇ ਦਿਤੇ ਚੁਪ ਕਰਾਈ ॥੩॥
"ਦਰਦੀ" ਦੇਂਦਾ ਆਖ ਦੁਹਾਈ ॥
ਉਠੋ ਕੋਈ ਸਿੰਘ ਸੂਰਮਾ ਭਾਈ ॥੫॥
ਦੇਵੋ ਸਭ ਦੇ ਤਾਈਂ ਸੁਣਾਈ ॥
ਬੀੜ ਨੂੰ ਗੱਦੀ ਗੁਰੂ ਦਿਵਾਈ ॥੬॥
ਬੀੜ ਦਾ ਵਾਰਸ ਪੰਥ ਹੈ ਭਾਈ ॥
ਜੋ ਹੈ ਰਖਦਾ ਹੱਕ ਛਪਾਈ ॥੭॥
ਇਸ ਲਈ ਸੁਣੋ ਵਪਾਰੀ ਭਾਈ ॥
ਬੰਦ ਕਰੋ ਬੀੜਾਂ ਦੀ ਛਪਾਈ ॥੮॥
ਭਲੀ ਨਹੀਂ ਇਸ ਚੋਂ ਕਰੀ ਕਮਾਈ ॥
ਇਸ਼ਟ ਨੂੰ ਦੇਵੋ ਸੀਸ ਨਿਵਾਈ ॥੯॥
ਜੇ ਇਹ ਕਿਸੇ ਨਾ ਸੁਣੀ ਦੁਹਾਈ ॥
ਤਾਂ ਫਿਰ ਗ਼ੈਰਤ ਗਈ ਗਵਾਈ ॥੧੦॥

ਇਹ ਗੱਲ ਕੋਈ ਲੁਕੀ ਛਿਪੀ ਨਹੀਂ ਕਿ ਬੀੜਾਂ ਦੀ ਛਪਾਈ ਦੇ ਸਿਲਸਿਲੇ ਵਿਚ ਰਜ ਕੇ ਲਾ-ਪਰਵਾਹੀ ਵਰਤੀ ਗਈ ਹੈ, ਜਿਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਬੀੜਾਂ ਦੀ ਛਪਾਈ ਦਾ ਕੰਮ ਬਹੁਤ ਕਰਕੇ ਵਪਾਰੀ-ਪ੍ਰਕਾਸ਼ਕਾਂ ਦੇ ਹੱਥ ਚਲਾ ਗਿਆ ਹੈ। ਵਪਾਰੀ ਪ੍ਰਕਾਸ਼ਕਾਂ ਨੇ ਬੀੜ ਛਪਾਈ ਦਾ ਕੰਮ ਧਰਮ-ਪ੍ਰਚਾਰ ਦੀ ਭਾਵਨਾ ਹਿਤ ਨਹੀਂ, ਸਗੋਂ ਮੁਨਾਫ਼ਾ-ਖ਼ੋਰੀ ਦੇ ਲਾਲਚ ਹਿਤ ਅਰੰਭ ਕੀਤਾ ਹੋਇਆ ਹੈ। ਉਹ ਮਨ-ਭਾਉਂਦਾ ਮੁਨਾਫ਼ਾ ਲੈਣ ਦੇ ਬਾਵਜੂਦ ਬੀੜਾਂ ਦੀ ਛਪਾਈ ਵਿਚ ਬੜੀ ਲਾ-ਪਰਵਾਹੀ ਤੇ ਗੁਮਰਾਹੀ ਵਰਤ ਰਹੇ ਹਨ, ਜਿਸ ਦੇ ਫਲ ਸਰੂਪ ਬੀੜਾਂ ਵਿਚ ਬੇਸ਼ੁਮਾਰ ਅਸ਼ੁਧੀਆਂ ਦੇਖਣ ਵਿਚ ਆਈਆਂ ਹਨ। ਬਜ਼ਾਰਾਂ ਵਿਚ ਵਪਾਰੀਆਂ ਹਥੋਂ ਬੀੜਾਂ ਦੀ ਆਮ ਵਸਤੂਆਂ ਵਾਂਗ ਮੁਲ ਵਧ ਘਟ ਕਰ ਕੇ ਕੀਤੀ ਜਾ ਰਹੀ ਵਿਕਰੀ ਅਤੇ ਬੀੜਾਂ ਦੀ ਅਸ਼ੁਧ ਛਪਾਈ ਸਿਖ ਕੌਮ ਦੇ ਨਰੋਏ ਸਰੀਰ ਉਤੇ ਨਿਰੰਤਰ ਰਿਸਦਾ ਇਕ ਨਾਸੂਰ ਹੈ।

ਏਸ ਪਾਸੇ ਵਲ ਹਰੇਕ ਪੰਥ-ਦਰਦੀ ਨੂੰ ਅਤੇ ਸਾਰੀਆਂ ਪੰਥਕ ਸੰਸਥਾਵਾਂ ਨੂੰ ਤੁਰਤ ਧਿਆਨ ਦੇ ਕੇ ਇਸ ਸਮੱਸਿਆ ਦਾ ਹੱਲ ਲਭਣ ਦੀ ਲੋੜ ਹੈ।

ਵਪਾਰੀ ਪ੍ਰਕਾਸ਼ਕਾਂ ਵਲੋਂ ਕੀਤੀ ਗਈ ਬੀੜਾਂ ਦੀ ਛਪਾਈ ਵਿਚ ਛਾਪੇ ਦੀਆਂ ਗਲਤੀਆਂ ਦਾ ਚਿੱਠਾ ਬਹੁਤ ਲੰਮਾ ਹੈ। ਭਾ: ਮੋਹਨ ਸਿੰਘ ਜੀ ਮੁਜ਼ੱਫ਼ਰਪੁਰ ਵਾਲਿਆਂ ਨੇ ਮੇਹਨਤ ਕਰ ਕੇ ਅੰਮ੍ਰਿਤਸਰ ਦੇ ਇਕ ਪ੍ਰਕਾਸ਼ਕ ਵਲੋਂ ਛਪਵਾਈ ਹੋਈ ਬੀੜ ਦਾ ਜੋ ਚਿੱਠਾ ਬਣਾਇਆ ਹੈ ਉਸ ਵਿਚੋਂ ਕੁਝ ਉਦਾਹਰਣਾਂ ਪਾਠਕਾਂ ਦੀ ਗਿਆਤ ਲਈ ਨਾਲ ਦੇ ਪੰਨਿਆਂ ਤੇ ਦਿਤੀਆਂ ਜਾਂਦੀਆਂ ਹਨ। ਪਾਠਕ ਦੇਖਣਗੇ ਕਿ ਬੜੀਆਂ ਥਾਵਾਂ ਤੇ ਛਾਪੇ ਦੀ ਗ਼ਲਤੀ ਕਾਰਨ ਅਰਥਾਂ ਦੇ ਅਨਰਥ ਹੋ ਜਾਂਦੇ ਹਨ। ਇਸ ਦੇ ਜ਼ਿਮੇਵਾਰ ਵਪਾਰੀ ਪ੍ਰਕਾਸ਼ਕ ਤਾਂ ਹਨ ਹੀ, ਪਰ ਅਸੀਂ ਵੀ ਬਰਾਬਰ ਦੇ ਦੋਸ਼ੀ ਹਾਂ, ਕਿਉਂਕਿ ਸਭ ਕੁਝ ਵੇਖ ਕੇ ਮੋਨ ਧਾਰਨ ਕਰੀ ਬੈਠੇ ਹਾਂ। ਇਹ ਕੁੰਭ-ਕਰਣ ਦੀ ਨੀਂਦ ਨਹੀਂ ਤਾਂ ਹੋਰ ਕੀ ਹੈ ?

ਜੇ ਅਸੀਂ ਅਜੇ ਵੀ ਇਸ ਬੁਨਿਆਦੀ ਮਸਲੇ ਬਾਰੇ ਅਵੇਸਲਾ-ਪਨ ਜਾਂ ਬੇ-ਰੁਖ਼ੀ ਵਰਤੀਏ ਤਾਂ ਫਿਟਕਾਰ ਹੈ ਸਾਡੇ ਜੀਵਨ ਨੂੰ।

**—ਸੰਪਾਦਕ**



www.AKJ.Org

# ਅਸ਼ੁੱਧੀਆਂ ਦੀ ਸੂਚੀ

| ਪੰਨਾ | ਪੰਗਤੀ | ਸ਼ੁੱਧ ਪਾਠ | ਵਪਾਰੀ ਪ੍ਰਕਾਸ਼ਕਾਂ ਦੀ ਅਣਗਹਿਲੀ ਕਾਰਨ ਬੀੜ ਵਿਚ ਛਪੀ ਅਸ਼ੁੱਧੀ |
|---|---|---|---|
| ੭ | ੧੭ | ਕੇਤੇ ਦੇਵ ਦਾਨਵ ਮੁਨਿ ਕੇਤੇ 'ਕੇਤੇ' ਰਤਨ ਸਮੁੰਦ | ... ... ... ...ਕੇਤੇ ਰਤਨ ਸਮੁੰਦ (ਕੇਤੇ ਇਕੋ ਵਾਰ ਛਪਿਆ ਹੈ) |
| ੧੧ | ੧੭ | ਵਿਜੋਗਿ ਮਿਲਿ 'ਵਿਛੁੜਿਆ' ਸੰਜੋਗੀ ਮੇਲੁ | ... ... ... ਵਿਛੋੜਿਆ ... ... ... |
| ੨੪ | ੧੫ | 'ਧਾਣਕ' ਰੂਪਿ ਰਹਾ ਕਰਤਾਰ ॥ | ਨਾਣਕ ... ... ... ... ... ... ... |
| ੭੧ | ੨ | ਸਭੁ ਕਿਛੁ ਕੀਤੋਨੁ ਆਪਣਾ 'ਜੀਇ' ਨ ਸੰਕ ਧਰਿਆ ॥ | .... ... ... ... ਜਾਇ ... ... ... |
| ੧੦੫ | ੧੨ | ਸਾਂਤਿ ਸੂਖ ਸਹਜ 'ਧੁਨਿ' ਉਪਜੀ ਸਾਧੂ ਸੰਗਿ ਨਿਵਾਸਾ ਜੀਉ ॥ | ... ... ... ... ਧੁਨੀ ... ... ... |
| ੧੦੬ | ੧੫ | ਅਗਮ ਅਗੋਚਰੁ ਸਾਹਿਬੁ 'ਮੇਰਾ' ॥ | ... ... ... ... ... ਮਰਾ ... ... |
| ੧੧੧ | ੨ | 'ਆਪੇ' ਬਖਸਿ ਲਏ ਪ੍ਰਭੁ ਸਾਚਾ ਆਪੇ ਬਖਸਿ ਮਿਲਾਵਣਿਆ ॥ | ਆਪਿ ... ... ... ... ... ... ... |
| ੧੧੪ | ੫ | ਆਪੇ ਰੰਗੇ ਸਹਜਿ 'ਸੁਭਾਏ' ॥ | ... ... ... ... ... ... ਸਭਾਏ |
| ੧੩੪ | ੧ | ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ 'ਸੋਇ' ॥ | ... ... ... ... ... .... ... ਸੋਈ |
| ੧੩੫ | ੧੧ | ਜਿਨੀ ਰਾਵਿਆ ਪ੍ਰਭੁ ਆਪਣਾ 'ਸੇ' ਦਿਸਨਿ ਨਿਤ ਖੜੀਆਹ ॥ | ... ... ... ... ... ... ... ... ਸੋ |
| ੧੪੧ | ੧੮ | ਨਾਨਕ ਸਚੁ ਦਾਤਾਰੁ ਸਿਨਾਖਤੁ 'ਕੁਦਰਤੀ' ॥ | ... ... ... .... .... ... ਕੁਦਰਤ |
| ੧੪੪ | ੧੭ | ਦੁਨੀਆ 'ਖੋਟੀ' ਰਾਸਿ ਕੂੜੁ ਕਮਾਈਐ ॥ | ... ... ਖੋਟਿ ... ... ... ... ... |
| ੧੫੫ | ੨ | 'ਹੰਸੁ' ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ ॥ | ਹਸੁ ... ... .... .... ... ... ... |
| ੧੭੦ | ੨ | ਤਿਨ ਕੇ 'ਕਰਮਹੀਨ' ਧੁਰਿ ਪਾਏ ਦੇਖਿ ਦੀਪਕੁ ਮੋਹਿ ਪਚਾਨੇ ॥ | ... ... ਕਰਮਹ ਨ ... ... ... |
| ੧੮੩ | ੧ | ਜਿਸੁ ਸਿਮਰਤ 'ਡੂਬਤ' ਪਾਹਨ ਤਰੇ ॥ | ... ...ਬੂਡਤ ... ... ... ... ... |
| ੧੮੩ | ੩ | 'ਸਤਿਗੁਰ' 'ਸੰਗਿ' ਨਾਹੀ ਮਨੁ ਡੋਲੈ ॥ | ਸਤਿਗੁਰਿ ਸੰਤਿ ... ... ... |
| ੧੮੬ | ੧੧ | ਜਾ ਕੈ ਦੂਖੁ ਸੁਖੁ 'ਸਮ' ਕਰਿ ਜਾਪੈ ॥ | ... ... ... ... ਜਮ ... ... ... |
| ੧੯੯ | ੧੨ | ਆਦਿ 'ਜੁਗਾਦਿ' ਪ੍ਰਗਟਿ ਪਰਤਾਪੁ ॥ | ... ... ਜੁਗਾਦੀ ... ... ... ... |
| ੨੧੫ | ੧੭ | ਅਨਜਾਨਤ ਕਿਛੁ ਇਨਹਿ 'ਕਮਾਨੋ' ਜਪ ਤਪ ਕਛੂ ਨ ਸਾਧਾ ॥ | ... ... ... ...ਕਾਮਨੋ ...... |
| ੨੩੯ | ੧੨ | ਗੁਰ ਕੈ ਬਚਨਿ 'ਪੇਖਿਓ' ਸਭੁ ਬ੍ਰਹਮੁ ॥ | ... ... ... ... ਪੇਖਿਉ .... .... |
| ੨੪੬ | ੧੬ | ਦੂਜੈ ਕਿਨੈ ਸੁਖੁ ਨ 'ਪਾਇਓ' ਪਿਰਾ ਜੀਉ ਬਿਖਿਆ ਲੋਭਿ ਲੁਭਾਏ ॥ | ... ... ... ... ਪਇਉ ... ... .. |



www.AKJ.Org

| ਪੰਨਾ | ਪੰਗਤੀ | ਸ਼ੁੱਧ ਪਾਠ | ਵਪਾਰੀ ਪ੍ਰਕਾਸ਼ਕਾਂ ਦੀ ਅਣਗਹਿਲੀ ਕਾਰਨ ਬੀੜ ਵਿਚ ਛਪੀ ਅਸ਼ੁੱਧੀ |
|---|---|---|---|
| ੨੫੩ | ੧੭ | ਖਿਮਾ ਗਰੀਬੀ 'ਅਨਦ' ਸਹਜ ਜਪਤ ਰਹਹਿ ਗੁਣਤਾਸ ॥ | ... ... ... ਅਨਹਦ ... ... ... |
| ੨੬੭ | ੧੮ | ਕਾਲੁ ਨ ਆਵੈ 'ਮੂੜੇ' ਚੀਤਿ ॥ | ... ... ... ... ਮੁੜੇ ... ... ... |
| ੩੦੩ | ੬ | 'ਜਿਉ' ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ ॥ | ਜੀਉ ... ... ... .. ... ... ... |
| ੩੦੮ | ੯ | ਤੂ ਸਚਾ ਸਾਹਿਬੁ ਅਲਖੁ ਹੈ 'ਗੁਰ' ਸਬਦਿ ਲਖਾਰੇ ॥ | ... ... ... ... ... ... ਸੁਰ ... |
| ੩੨੩ | ੨ | ਸਭੇ ਸਿਖ 'ਉਬਾਰਿਅਨੁ' ਪ੍ਰਭਿ ਕਾਜ ਸਵਾਰੇ ॥ | ... ... ਉਬਾਰੇਅਨ ... .... .... |
| ੩੩੯ | ੧੩ | ਮਾਈ ਮੋਹਿ ਅਵਰੁ ਨ ਜਾਨਿਓ 'ਆਨਾਨਾਂ' ॥ | ... ... ... ... ... ... ਅਨਾਨਾ ॥ |
| ੩੫੪ | ੪ | 'ਲਾਲਿ' ਰਤਾ ਮੇਰਾ ਮਨੁ ਧੀਰਾ ॥ | ਨਾਲਿ ... ... ... ... ... ... .. |
| ੩੫੯ | ੨ | ਥਿਰੁ ਨ ਰਹਹਿ ਜੈਸੇ 'ਭਵਹਿ' ਉਦਾਸੇ ॥ | ... ... ... ... ਭਾਵਹਿ ... ... |
| ੩੬੭ | ੯ | ਪਚਿ ਪਚਿ ਮੁਏ ਬਿਖੁ 'ਦੇਖਿ' ਪਤੰਗਾ ॥ | ... .. ... ... ... ਦਖਿ ... ... |
| ੩੬੭ | ੧੩ | ਜੇ ਵਡਭਾਗ ਹੋਵਹਿ 'ਵਡ' ਊਚੇ ॥ | ... ... ... ... ... ਛਡ ... ... |
| ੩੬੯ | ੧੫ | ਜੈਸੇ 'ਹੰਸੁ' ਸਰਵਰ ਬਿਨੁ ਰਹਿ ਨ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥ | ... ਹੰਉ ... ... ... ... ... |
| ੩੭੬ | ੧੩ | ਬਿਨੁ ਹਰਿ ਨਾਮ ਅਵਰੁ 'ਸਭੁ' ਥੋਰਾ ॥ | ... ... ... ... ... ਸੋਭਾ ... ... |
| ੩੭੯ | ੧ | 'ਪੀੜ' ਗਈ ਫਿਰਿ ਨਹੀ ਦੁਹੇਲੀ ॥ | ਪੜਿ... ... ... ... ... ... ... |
| ੩੮੬ | ੧੮ | ਸਦਾ ਸਦਾ ਹਰਿ 'ਨਾਮੁ' ਸਮ੍ਹਾਰਉ ॥ | ... ... ... ... ਮੁਨਾ ... ... ... |
| ੩੮੯ | ੧੭ | ਮਿਟਿ ਗਈ 'ਭੂਖ ਮਹਾ' ਬਿਕਰਾਲ ॥ | ਮਿਟਿ ਗਈ ਭਾਲ ਬਿਕਰਾਲ ॥ |
| ੩੯੩ | ੧੦ | ਜਿਸਹਿ ਪਰਾਪਤਿ ਤਿਸ ਹੀ 'ਲਹਨਾ' ॥ | ... ... ... ... ... ... ਲਰਨਾ |
| ੩੯੫ | ੧੧ | 'ਪ੍ਰਭ' ਕੇ ਸੇਵਕ ਦੂਖ ਨ ਝੂਰਨ ॥ | ਸਭ ... ... ... ... ... ... ... |
| ੪੩੯ | ੪ | 'ਜਮ' ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ ॥ | ਜਗ ... ... ... ... ... .. |
| ੪੮੭ | ੧੪ | 'ਧੰਨੈ' ਧਨੁ ਪਾਇਆ ਧਰਣੀਧਰ ਮਿਲਿ ਜਨ ਸੰਤ ਸਮਾਨਿਆ ॥ | ਧੰਧੈ... ... ... ... ... ... ... |
| ੫੬੬ | ੯ | 'ਨਾਨਕਾ' ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥ | ਨਾਨਕ ... ... .... ... .... |
| ੫੮੬ | ੬ | ਸੋ ਸਤਿਗੁਰੁ 'ਪੂਰਾ' ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਟਿ ਸਵਾਰੀ ॥ | ... ... ... ਪੂਰੇ ... ... .. ... |
| ੬੦੪ | ੬ | ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥ | ਤੈ ... ... ... ... ... ... ... |
| ੬੮੦ | ੧੮ | ਮਨਿ ਤਨਿ ਰਾਮ ਨਾਮ 'ਹਿਤਕਾਰੇ' ॥ | ... ... ... ... ... ... ਹਿਤਕਾਬੇ |



www.AKJ.Org

| ਪੰਨਾ | ਪੰਗਤੀ | ਸ਼ੁੱਧ ਪਾਠ | ਵਪਾਰੀ ਪ੍ਰਕਾਸ਼ਕਾਂ ਦੀ ਅਣਗਹਿਲੀ ਕਾਰਨ ਬੀੜ ਵਿਚ ਛਪੀ ਅਸ਼ੁੱਧੀ |
|---|---|---|---|
| ੭੨੭ | ੧੩ | ਦਰੀਆਉ ਤੂ ਦਿਹੰਦ ਤੂ 'ਬਿਸੀਆਰ' ਤੂ ਧਨੀ ॥ | ... ... ... ... ਬਿਸੀਅਰ ... |
| ੭੩੧ | ੧੦ | ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ 'ਸਿਰੁ' ਗੁਰ ਕੇ ॥ | ... ... ... ... ਤਿਸੁ ... ... |
| ੭੭੬ | ੯ | 'ਮੇਰੈ' ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ ॥ | ਹਰਿ .... ... ... .... .... |
| ੭੭੮ | ੧੭ | 'ਬਿਨਵੰਤਿ' ਨਾਨਕ ਦਇਆ ਧਾਰਹੁ ਸਦਾ ਹਰਿ ਗੁਣ ਗਾਵਾ ॥ | ਬਿਠਵੰਤਿ... ... ... ... ... |
| ੮੦੦ | ੪/੫ | ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ 'ਜਨਹੁ ॥ ਚਾਰਿ' ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥ | ... ਜਨ ਹੁਚਾਰ ... ... ... |
| ੮੦੨ | ੯ | ਅਵਰ 'ਸਿਆਣਪਾ' ਬਿਰਥੀਆ ਪਿਆਰੇ ਰਾਖਨ ਕਉ ਤੁਮ ਏਕ ॥ | ... ਸਿਆਣਪ ... ... ... |
| ੮੮੬ | ੫ | 'ਕਿੰਕੁਰੀ' ਅਨੂਪ ਵਾਜੈ ॥ | ਕਿੰਗੁਰੀ ... ... ... ... ... |
| ੮੮੬ | ੧੨ | ਮੇਰੀ ਤੇਰੀ 'ਮੁੰਦ੍ਰਾ' ਧਾਰੀ ॥ | ... ... ਮੰਦ੍ਰਾ ... ... ... ... |
| ੯੦੯ | ੧੭-੧੮ | ਬਿਖਿਆ ਮਾਤੇ ਭਰਮਿ ਭੁਲਾਏ 'ਉਪਦੇਸੁ' ਕਹਹਿ ਕਿਸੁ ਭਾਈ ॥ | ... ... ... ... ... ਉਪਦੇਹੁ |
| ੯੨੭ | ੩ | ਸਗਲ 'ਇਛ' ਮੇਰੀ ਪੁੰਨੀਆ ਮਿਲਿਆ ਨਿਰੰਜਨ ਰਾਇ ਜੀਉ ॥ | ... ਇਛੇ ... .. ... ... .. |
| ੯੪੨ | ੧੨ | ਰਾਮਚੰਦਿ ਮਾਰਿਓ 'ਅਹਿਰਾਵਣੁ' | ... ... ... ... ਪਹਿਰਾਂਵਣੁ |
| ੧੦੦੫ | ੨ | ਪਸੂ ਪੰਖੀ 'ਭੂਤ' ਅਰੁ ਪ੍ਰੇਤਾ ॥ | ... ... ਭੂਖ ... ... ... |
| ੧੦੧੦ | ੧੨ | ਤੁਧੁ ਭਾਵੈ ਤੂ ਮਨਿ 'ਵਸਹਿ' ਨਦਰੀ ਕਰਮਿ ਵਿਸੇਖੁ ॥ | ... ... ... ... ਵਸਿ ... |
| ੧੦੧੩ | ੧੩ | ਮਨੂਆ ਨ ਡੋਲੈ ਗੁਰਮੁਖਿ ਬੂਝੈ 'ਧਾਵਤੁ' ਵਰਜਿ ਰਹਾਏ ॥ | ... ... ... ... ... ਭਾਵਤੁ |
| ੧੦੧੪ | ੧ | ਤੂ ਦਾਤਾ ਦਇਆਲੁ ਸਭੈ ਸਿਰਿ ਅਹਿਨਿਸਿ 'ਦਾਤਿ' ਸਮਾਰਿ ਕਰੇ ॥ | ਦਾਤਾ ... ... ... ... ... |
| ੧੦੩੦ | ੧੭ | 'ਸਾਕਤ' ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥ | ਸਾਤਕ ... ... ... ... ... |
| ੧੦੭੫ | ੧੧ | ਮਾਰੂ ਸੋਲਹੇ ਮਹਲਾ '੫' | ... ... ... ੪ ... ... |
| ੧੧੧੭ | ੧੧ | ਅੰਮ੍ਰਿਤ ਨਾਮੁ 'ਸੁਨੀਜੈ' ਤੇਰਾ ਕਿਰਪਾ ਕਰਹਿ ਤ ਪੀਵਾ ॥ | ... ... ... ... ਸੂਨੀਜੈ ... |
| ੧੧੮੫ | ੫ | 'ਸੂਾਂਗੀ' ਸਿਉ ਜੋ ਮਨੁ ਰੀਝਾਵੈ ॥ | ਸਾਂਗੀ ... ... ... ... ... |



www.AKJ.Org

| ਪੰਨਾ | ਪੰਗਤੀ | ਸ਼ੁੱਧ ਪਾਠ | ਵਪਾਰੀ ਪ੍ਰਕਾਸ਼ਕਾਂ ਦੀ ਅਣਗਹਿਲੀ ਕਾਰਨ ਬੀੜ ਵਿਚ ਛਪੀ ਅਸ਼ੁੱਧੀ |
|---|---|---|---|
| ੧੧੮੫ | ੬ | 'ਸ੍ਵਾਗਿ' ਉਤਾਰਿਐ ਫਿਰਿ ਪਛੁਤਾਵੈ ॥ | ਸਾਂਗਿ ... ... ... ... ... |
| ੧੧੯੦ | ੧੭ | ਕਹਿ ਕਬੀਰ ਜਿਸੁ 'ਉਦਰੁ ਤਿਸੁ ਮਾਇਆ ॥ | ... ... ... ਉਧਰੁ ... ... |
| ੧੧੯੯ | ੧ | ਹਰਿ ਰਸਿ 'ਰਾਤਾ' ਜਨੁ ਪਰਵਾਣੁ ॥ | ... ... ... ਜਾਤਾ ... ... |
| ੧੨੧੦ | ੪ | 'ਸਾਧ' ਕ੍ਰਿਪਾਲ ਦਇਆਲ ਭਏ ਹੈ ਇਹੁ ਛੇਦਿਓ ਦੁਸਟੁ ਬਿਗਾਨਾ ॥ | ਸਿਧ ... ... ... ... ... |
| ੧੨੧੨ | ੧੭ | ਸਤ ਸੰਗਤਿ ਕੀ ਰੇਣੁ ਮੁਖਿ ਲਾਗੀ ਕੀਏ ਸਗਲ ਤੀਰਥ 'ਮਜਨੀਠਾ' ॥ | ... ... ... ਨਜਨੀਠਾ ... |
| ੧੨੩੦ | ੫ | ਸਰਨ ਪਰਨ ਸਾਧੂ ਆਨ 'ਬਾਨਿ' ਬਿਸਾਰੇ ॥ | ... ... ... ... ਥਾਨਿ ... |
| ੧੨੬੦ | ੧੬ | ਮਨ ਰੇ ਹਉਮੈ 'ਮੋਹੁ' ਦੁਖੁ ਭਾਰੀ | ... ਮੋਖੁ ... ... ... ... ... |
| ੧੨੬੯ | ੧੭ | ਹਰਿ ਕੀ ਓਟ ਜੀਵਹਿ ਦਾਸ ਤੇਰੇ 'ਨਾਨਕ' ਪ੍ਰਭ ਸਰਣਾਈ ॥ | ਨਿਾਨਕ ... ... ... ... ... |
| | ੧੮ | ਦਰਸ 'ਪਿਆਸ' ਮੇਰੋ ਮਨ ਮੋਹਿਓ ਹਰਿ ਪੰਖ ਲਗਾਇ ਮਿਲੀਜੈ ॥ | ... ਪਆਸ ... ... ... ... |
| ੧੩੨੮ | ੧੦ | ਜਾ ਕੈ ਕਰਮੁ ਨਾਹੀ ਧਰਮੁ 'ਨਾਹੀ ਨਾਹੀ' ਸੁਚਿ ਮਾਲਾ ॥ | (ਨਾਹੀ ਕੇਵਲ ਇਕ ਹੀ ਵਾਰ ਛਪਿਆ ਹੈ) ਦੋ ਵਾਰ ਹੋਣਾ ਚਾਹੀਏ । |
| ੧੩੪੫ | ੧੮ | ਨਾਨਕੁ ਤਿਨ ਕੇ ਚਰਨ 'ਪਖਾਲੈ' ਜਿਨਾ ਗੁਰਮੁਖਿ ਸਾਚਾ ਭਾਇਆ ॥ | ... ... ... ... ਪਪਾਲੈ ... |
| ੧੩੪੯ | ੭ | 'ਪ੍ਰਗਟੀ' ਜੋਤਿ ਮਿਟਿਆ ਅੰਧਿਆਰਾ ॥ | ਪ੍ਰਗਾਟੀ ... ... ... ... ... |
| ੧੩੭੬ | ੧੨ | ਕਬੀਰ ਕਾਇਆ ਕਜਲੀ ਬਨੁ ਭਇਆ ਮਨੁ 'ਕੁੰਚਰੁ' ਮਯਮੰਤੁ ॥ | ... ਕੁੰਚਨੁ ... ... ... ... |
| ੧੩੮੦ | ੩ | ਕੰਧਿ ਕੁਹਾੜਾ ਸਿਰਿ 'ਘੜਾ' ਵਣਿ ਕੈ ਸਰੁ ਲੋਹਾਰੁ ॥ | ... ... ... ... ਘਣਾ ... |
| ੧੪੦੧ | ੧੭ | ਸੰਸਾਰਿ ਸਫਲੁ 'ਗੰਗਾ' ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ ॥ | ... ... ... ਗੁਗਾ ... ... |
| ੧੪੦੩ | ੪ | ਬਿਲਿਹ ਛਲਨ ਸਬਲ ਮਲਨ ਭਗ੍ਤਿ ਫਲਨ | ... ... ... ... ... ਭਾਗ੍ਤਿ |
| ੧੪੦੫ | ੧੦ | 'ਮਨਸਾ' ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਿਓ ਜੁ ਤਿਣੰ ॥ | ਮਸਨਾ ... ... ... ... ... |
| ੧੪੨੧ | ੧੬ | ਹਉ ਖੜੀ ਨਿਹਾਲੀ ਪੰਧੁ ਮਤੁ 'ਮੂੰ' ਸਜਣੁ ਆਵਏ ॥ | ... ... ... ... ਮੂੰਹ ... ... |

## ਜੈਪੁਰ (ਰਾਜਸਬਾਨ) ਵਿਚ ਸਾਲਾਨਾ ਕੀਰਤਨ ਪ੍ਰੋਗਰਾਮ

੧੩-੧੪-੧੫ ਅਗਸਤ ਨੂੰ ਹੋ ਰਹੇ ਹਨ ।



www.AKJ.Org

# ਸ਼ਬਦ ਗੁਰੂ

[ਵਲੋਂ :– ਭਾਈ ਜੋਗਿੰਦਰ ਸਿੰਘ ਜੀ, ਤਲਵਾੜਾ]

'ਗੁਰੂ-ਜੋਤਿ'ਦਾ ਆਵੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਅੰਦਰ 'ਗੁਰੂ ਸ਼ਬਦ' ਦਵਾਰਾ ਹੋਇਆ। ਉਹਨਾਂ ਤੋਂ ਫਿਰ 'ਗੁਰੂ-ਸ਼ਬਦ' ਦਵਾਰਾ ਹੀ ਬਾਕੀ ਗੁਰੂ ਵਿਅਕਤੀਆਂ ਅੰਦਰ ਇਸ ਦਾ ਆਵੇਸ਼ ਹੋਇਆ ਅਤੇ ਹੁਣ ਇਹ ਆਪਣੇ ਸ਼ੁਧ "ਸ਼ਬਦ-ਰੂਪ" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵਿਦਮਾਨ ਹੈ। ਸਤਿਗੁਰਾਂ ਦੇ ਸਰੀਰਕ ਜਾਮੇ, ਸਮੇਂ ਸਮੇਂ ਬਦਲਦੇ ਰਹੇ ਹਨ ਪਰ 'ਜੋਤਿ' ਉਹੋ ਹੀ ਰਹੀ। ਹੁਣ ਪੰਜ-ਭੂਤਕੀ ਸਰੀਰ-ਜਾਮੇ ਵਿਚ ਨਹੀਂ, ਸੂਖਸ਼ਮ 'ਸ਼ਬਦ ਜਾਮੇ' ਅੰਦਰ ਹੈ। ਗੁਰਮਤਿ ਅੰਦਰ "ਗੁਰੂ" ਪਦਵੀ ਅਰੰਭ ਕਾਲ ਤੋਂ 'ਗੁਰੂ ਸ਼ਬਦ' ਨੂੰ ਹੀ ਪ੍ਰਾਪਤ ਹੈ ਅਤੇ ਇਹ ਸੰਥਿਆ ਸੁਜਾਨ ਪਾਂਧੇ ਸਤਿਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ-ਪੁਤਰਾਂ ਨੂੰ ਦੇ ਕੇ ਪ੍ਰਪੱਕ ਕੀਤੀ। ਆਪ ਜੀ ਜਦੋਂ ਸੰਸਾਰ-ਫੇਰੀਆਂ ਲਾਉਂਦੇ ਹੋਏ ਸਿਧਾਂ ਪਾਸ ਪੁਜੇ ਤਾਂ ਸਿਧਾਂ ਨਾਲ ਗਿਆਨ ਚਰਚਾ ਹੋਈ ਜੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਸਿਧ ਗੋਸਟਿ" ਦੇ ਸਿਰਲੇਖ ਹੇਠ ਅੰਕਿਤ ਹੈ। ਪ੍ਰਮੁਖ ਸਵਾਲ ਜੋ ਸਿਧਾਂ ਨੇ ਕੀਤਾ, ਉਹ ਇਹ ਸੀ :–

ਕਵਣੁ ਮੂਲੁ ਕਵਣ ਮਤਿ ਵੇਲਾ ॥
ਤੇਰਾ ਕਵਣੁ ਗੁਰੂ ਜਿਸ ਕਾ ਤੂੰ ਚੇਲਾ ॥੪੩॥

ਤੇ ਗੁਰੂ ਬਾਬੇ ਜੀ ਦਾ ਉਤਰ ਸੀ–

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
'ਸਬਦੁ' ਗੁਰੂ ਸੁਰਤਿ ਧੁਨਿ ਚੇਲਾ ॥੪੪॥
[ਸਿਧ ਗੋਸਟਿ, ਪੰਨਾ ੯੪੨-੪੩

ਏਸੇ ਵਿਚਾਰ-ਧਾਰਾ ਦੀ ਵਿਆਖਿਆ ਭਾਈ ਗੁਰਦਾਸ ਜੀ ਨੇ ਇਉਂ ਕੀਤੀ ਹੈ :–

ਸਬਦੁ ਗੁਰੂ ਗੁਰ ਜਾਣੀਐ ਗੁਰਮੁਖਿ ਹੋਇ
ਸੁਰਤਿ ਧੁਨਿ ਚੇਲਾ। [ਵਾਰ ੭, ਪਉੜੀ ੨੦
ਗੁਰ ਮੂਰਤਿ ਗੁਰ ਸਬਦ ਹੈ, ਸਾਧ ਸੰਗਤਿ ਵਿਚ
ਪ੍ਰਗਟੀ ਆਇਆ ॥ [ਵਾਰ ੨੪, ਪਉੜੀ ੨੫

ਗੁਰੂ ਸਚੇ ਪਾਤਸ਼ਾਹ ਨੇ ਡੰਕੇ ਦੀ ਚੋਟ ਨਾਲ ਸਾਰੇ ਸੰਸਾਰ ਵਿਚ 'ਸ਼ਬਦ' ਦੀ ਦੋਹੀ ਫਿਰਾਈ; ਜਥਾ–

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ
ਸਬਦੈ ਜਗੁ ਬਉਰਾਨੰ ॥੮॥੧॥
[ਸੋਰਠਿ ਅਸਟਪਦੀਆਂ ਮ: ੧

"ਸ਼ਬਦ-ਗੁਰੂ" ਦੇ ਸਿਧਾਂਤ ਦੀ ਗੁੰਝਲ ਨੂੰ ਹੋਰ ਸਪੱਸ਼ਟ ਕਰਨ ਲਈ ਸਤਿਗੁਰਾਂ ਨੇ ਗੁਰੂ ਦੀ 'ਦੇਹ' ਅਤੇ "ਸ਼ਬਦ" ਦਾ ਅੰਤਰ, ਆਪ ਸਪੱਸ਼ਟ ਕੀਤਾ ਤੇ ਫੁਰਮਾਇਆ :–

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ
ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ
'ਸਬਦਿ' ਨ ਕਰੇ ਵੀਚਾਰੁ ॥
[ਸਲੋਕ ਮ: ੩, ਵਾਰ ਵਡਹੰਸ,ਪੰਨਾ ੫੯੪

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰੀਰ ਰਾਤ ਨੂੰ ਸਜਣ-ਠਗ ਕੋਲ ਪੁਜਾ। ਸਜਣ ਨੂੰ ਗੁਰੂ-ਦੇਹ ਦੇ ਦਰਸ਼ਨ ਹੋਏ, ਮਨ ਉਤੇ ਪ੍ਰਭਾਵ ਪਿਆ, ਪਰ ਭਰਮ-ਛੇੜ ਓਦੋਂ ਹੀ ਕਟੇ ਗਏ ਜਦੋਂ ਗੁਰੂ ਬਾਬੇ ਦਾ ਸ਼ਬਦ ਕੰਨੀਂ ਪਿਆ। ਉਹ ਠੱਗ ਤੋਂ ਗੁਰਮੁਖ ਹੋ ਗਿਆ। ਇਹ ਸੀ 'ਸ਼ਬਦ ਕਰਾਮਾਤ', ਜਿਸ ਬਾਰੇ ਗੁਰੂ ਬਾਬੇ ਨੇ ਸਿਧਾਂ ਪਾਸ ਜ਼ਿਕਰ ਕੀਤਾ ਸੀ। ਗੁਰਮਤਿ ਅੰਦਰ 'ਸ਼ਬਦ' ਹੇਠ ਲਿਖੇ ਅਰਥਾਂ ਵਿਚ ਵਰਤਿਆ ਗਿਆ ਹੈ :–

੧. ਗੁਰਮੰਤਰੁ।
੨. ਸਤਿਗੁਰੂ ਦਾ ਉਪਦੇਸ਼ ਜਾਂ ਸਤਿਗੁਰੂ ਦਵਾਰਾ ਪ੍ਰਾਪਤ ਹੋਇਆ ਗਿਆਨ।
੩. ਗੁਰਬਾਣੀ।

ਇਹ ਸਾਰੇ ਅਰਥ ਵਾਸਤਵ ਵਿਚ ਇਕੋ ਹੀ ਵਸਤੂ ਦੇ ਭਿੰਨ ਭਿੰਨ ਨਾਮ ਹਨ। ਸ੍ਰੀ ਗੁਰੂ ਜੀ ਮਹਾਰਾਜ ਦੇ, ਆਪਣੇ ਮਾਲਕ-ਵਾਹਿਗੁਰੂ ਜੀ ਨਾਲ ਅੰਤਰ-ਆਤਮੇ ਇਕ-ਸੁਰ ਹੋਣ ਉਤੇ, ਉਹਨਾਂ ਦੇ ਅਨੁਭਵ ਵਿਚੋਂ ਅਗਮ ਅਗੋਚਰ ਅਕਾਲ ਪੁਰਖ ਦਾ ਗਿਆਨ, ਸ਼ਬਦ ਰੂਪ ਵਿਚ ਪਰਗਟ ਹੋਇਆ।



www.AKJ.Org

ਇਸੇ ਲਈ ਆਪ ਜੀ ਨੇ ਇਸ ਨੂੰ 'ਧੁਰ ਕੀ ਬਾਣੀ', 'ਖਸਮ ਕੀ ਬਾਣੀ' ਆਖ ਕੇ ਵਰਨਣ ਕੀਤਾ। ਇਸ ਇਲਾਹੀ ਬਾਣੀ ਦੇ ਪਿਆਰ ਅਤੇ ਸਤਿਕਾਰ ਦਾ ਪੂਰਨਾ ਵੀ ਸਚੇ ਸਤਿਗੁਰੂ ਨੇ ਆਪ ਪਾ ਕੇ ਆਪਣੇ ਗੁਰਸਿਖਾਂ ਨੂੰ ਇਸ ਗੁਰੂ-ਚਾਲ ਤੇ ਚਲਣ ਦੀ ਸੇਧ ਬਖਸ਼ੀ, ਜਿਵੇਂ :

(ੳ) ਗੁਰਬਾਣੀ ਦੀਆਂ ਪੋਥੀਆਂ ਲੈਣ ਲਈ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਿਖ ਸੰਗਤਾਂ ਨੂੰ ਨਾਲ ਲੈ ਕੇ ਪੈਦਲ ਨਗੇ ਪੈਰੀਂ ਸ੍ਰੀ ਅੰਮ੍ਰਿਤਸਰ ਜੀ ਤੋਂ ਸ੍ਰੀ ਗੋਇੰਦਵਾਲ ਸਾਹਿਬ ਗਏ ਅਤੇ ਪਾਲਕੀ ਵਿਚ ਪੋਥੀਆਂ ਸਜਾ ਕੇ ਪੈਦਲ ਸ਼ਬਦ ਕੀਰਤਨ ਕਰਦੇ ਵਾਪਸ ਆਏ।

(ਅ) ਬੀੜ ਦੀ ਸੰਪੂਰਨਤਾਈ ਹੋਣ ਉਪ੍ਰੰਤ ਸ੍ਰੀ ਹਰਿਮੰਦਰ ਸਾਹਿਬ ਵਿਚ ਇਹਨਾਂ ਨੂੰ ਤਖ਼ਤ ਤੇ ਬਿਰਾਜਮਾਨ ਕੀਤਾ। ਬਾਬਾ ਬੁੱਢਾ ਸਾਹਿਬ ਜੀ ਵਰਗੀ ਮਹਾਨ ਸ਼ਖ਼ਸੀਅਤ ਨੂੰ ਪ੍ਰਥਮ ਗ੍ਰੰਥੀ ਨੀਯਤ ਕੀਤਾ। ਰਾਤ ਨੂੰ ਸੁਖਾਸਣ ਉਪ੍ਰੰਤ ਪੋਥੀ ਸਾਹਿਬ ਜੀ ਨੂੰ ਪਲੰਘ ਉਤੇ ਬਿਰਾਜਮਾਨ ਕਰ ਕੇ ਪੰਚਮ ਪਾਤਸ਼ਾਹ ਆਪ ਭੂਮ-ਆਸਣ ਬਿਰਾਜਦੇ।

(ੲ) ਇਕ ਵਾਰੀ ਜਦੋਂ ਸਤਵੇਂ ਗੁਰੂ-ਨਾਨਕ ਸਾਹਿਬ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਪਲੰਘ ਤੇ ਬਿਰਾਜਮਾਨ ਸਨ, ਕੁਝ ਸੰਗਤਾਂ ਨੇ ਬਾਣੀ ਪੜ੍ਹਨੀ ਅਰੰਭ ਦਿਤੀ। ਗੁਰਬਾਣੀ ਦੀ ਸਰੋਤ ਕਨੀਂ ਪੈਂਦਿਆਂ ਹੀ ਸਾਹਿਬ ਗੁਰਬਾਣੀ ਦੇ ਸਤਿਕਾਰ ਵਜੋਂ ਛੇਤੀ ਨਾਲ ਪਲੰਘ ਤੋਂ ਥਲੇ ਆਏ ਤੇ ਇੰਜ ਕਾਹਲੀ ਕਰਦਿਆਂ ਆਪ ਜੀ ਦੇ ਗੋਡੇ ਉਤੇ ਸੱਟ ਲੱਗ ਪਈ। ਸਿਖਾਂ ਬੇਨਤੀ ਕੀਤੀ, ਮਹਾਰਾਜ ਇਹ ਗੁਰਬਾਣੀ ਆਪ ਜੀ ਦੀ ਰਚਨਾ ਹੈ, ਆਪ ਜੀ ਨੇ ਅਜਿਹਾ ਕਿਉਂ ਕੀਤਾ ? ਸਤਿਗੁਰਾਂ ਬਚਨ ਕੀਤਾ ਕਿ ਇਹ ਬਾਣੀ ਪਾਰਬ੍ਰਹਮ ਦੀ ਹੈ, ਇਸ ਦਾ ਜੋ ਕੋਈ ਮਨ, ਬਚ, ਕਰਮ ਕਰਕੇ ਸਤਿਕਾਰ ਕਰੇਗਾ, ਪਰਮ-ਪਦ ਨੂੰ ਪ੍ਰਾਪਤ ਹੋਵੇਗਾ ਅਤੇ ਇਸ ਦੇ ਭੈ ਅਤੇ ਅਦਬ ਬਿਹੂਣ ਜੋ ਸਿਖ ਹਨ, ਉਹ ਜਾਣੋ ਮੇਰੇ ਸਿਖ ਹੀ ਨਹੀਂ। ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਇਹ ਵਾਰਤਾਲਾਪ ਇਉਂ ਅੰਕਿਤ ਹੈ :—

ਸੁਨ ਕਰ ਸ੍ਰੀ ਹਰਿ ਰਾਜ ਉਚਾਰੇ ॥
ਸੁਨਹੁ ਸਿਖ ਤੁਮ ਹੋ ਮਮ ਪਿਆਰੇ ॥
ਗੁਰੁ ਅਨੁਭਵ ਬਿਚ ਬਾਨੀ ਰੂਪ ॥
ਜਾ ਕੀ ਮਹਿਮਾ ਅਮਿਤ ਅਨੂਪ ॥
ਭਵ ਅਗਨੀ ਸਾਗਰ ਕੋ ਤਰਨੀ[1] ॥
ਸਤਿਗੁਰੁ ਸਿਖਨ ਕੋ ਸੁਖ ਕਰਨੀ ॥
ਪਾਠਕ ਰਿਦੈ ਬਿਕਾਰਨ ਹਰਨੀ ॥
ਹਰਨੀ ਤ੍ਰਿਸ਼ਨਾ ਸਿੰਘਨਿ ਬਰਨੀ[2] ॥
ਬਰਨੀ ਗੁਰੁ ਦੁਖ ਤਰੁ ਕੋ ਕਰਿਨੀ[3] ॥
ਕਰਨੀ ਗਿਆਨ ਅਗਨਿ ਕੋ ਅਰਨੀ[4] ॥
ਜੋ ਸਿਖ ਗੁਰਬਾਨੀ ਭਯ ਕਰੈ ॥
ਬਿਨ ਪ੍ਰਯਾਸ[5] ਭਵ ਸਾਗਰ ਤਰੈ ॥
ਗੁਰਬਾਨੀ ਮਹਿਮਾ ਮਹਿਯਾਨੇ[6] ॥
ਜੋ ਮਰਯਾਦਾ ਹਮ ਨਹਿੰ ਠਾਨੇ ॥
ਤੋ ਸਿਖ ਭੈ ਨ ਕਰੈਗੋ ਕੋਈ ॥
ਬਿਨ ਭੈ ਕਰੈ ਸ੍ਰੇਯ[7] ਨਹਿ ਸੋਈ ॥
ਗੁਰਬਾਨੀ ਕੋ ਹਮ੍ਰ ਭੈ ਧਰ ਕੇ ॥
ਤਜਯੋ ਪ੍ਰਯੰਕ[8] ਸੀਘਰਤਾ ਕਰ ਕੇ ॥
ਜੋ ਸਿਖ ਹੈ, ਗੁਰਸ਼ਬਦ ਕਮਾਵੈ ॥
ਸ਼ਬਦ ਕਮਾਇ ਪਰਮ ਪਦ ਪਾਵੈ ॥
ਭਕਤਿ[9] ਪ੍ਰਤੀਤ ਨਹੀਂ ਜਿਸ ਤਨ ਮੈ ॥
ਤਿਹ ਗੁਰਬਾਨੀ ਭੈ ਨਹਿ ਮਨ ਮੈ ॥
ਬਿਨ ਭੈ ਭਕਤਿ ਨ ਪ੍ਰਾਪਤ ਹੋਇ ॥
ਭਕਤਿ ਬਿਨਾ ਗਿਆਨ ਨ ਅਵਲੋਇ[10] ॥
ਗਿਆਨ ਬਿਨਾ ਮੁਕਤੀ ਕਿਮ ਪਾਇ ॥
ਮੁਕਤਿ ਬਿਨਾ ਨ ਅਨੰਦ ਸਮਾਇ ॥
ਬਿਨ ਭਯ ਭਕਤਿ ਨ ਜਗਤ ਤਰਾਵੈ ॥

---

**ਪਦ ਅਰਥ** :—੧. ਬੜੀ ੨. ਤ੍ਰਿਸਨਾ ਮਿਰਗੀ ਲਈ ਸ਼ੇਰਨੀ ਹੈ। ੩. ਦੁਖ ਰੂਪ ਬਿਰਛ ਨੂੰ ਹਥਣੀ ਦੀ ਤਰ੍ਹਾਂ ਉਖੇੜਨ ਵਾਲੀ ਹੈ। ੪. ਪਵਿਤਰ ਲਕੜੀ। ੫. ਯਤਨ। ੬. ਉਤਮ। ੭. ਕਲਿਆਣ। ੮. ਪਲੰਘ। ੯. ਭਗਤ ਜਨ। ੧੦. ਦੇਖਣਾ, ਪ੍ਰਾਪਤੀ।



www.AKJ.Org

ਤੀਰਥ ਬ੍ਰਤ ਯਗ ਯੋਗ ਕਮਾਵੈ ॥
ਜੋ ਗੁਰ ਭਕਤ ਸਿਖ ਹੈ ਮੇਰਾ ॥
ਗੁਰਬਾਨੀ ਭੈ ਤਿਸੈ ਘਨੇਰਾ ॥
ਜਿਨ ਭੈ ਅਦਬ ਨ ਬਾਨੀ ਧਾਰਾ ॥
ਜਾਨਹੁ ਸੋ ਸਿਖ ਨਹੀਂ ਹਮਾਰਾ ॥
ਗੁਰ ਉਪਦੇਸ਼ ਜਾਹਿੰ ਮਨ ਲਾਗਾ ॥
ਕੋਟ ਜਨਮ ਕੋ ਸੋਵਤ ਜਾਗਾ ॥
ਮਨ ਜਾਗੇ ਕੀ ਇਹੀ ਨਿਸ਼ਾਨੀ ॥
ਪ੍ਰਿਯ ਲਾਗਹਿ ਉਰ ਸਤਿਗੁਰ ਬਾਨੀ ॥
ਧੰਨ ਸਿਖ ਜਿਨ ਕੇ ਉਰ ਭਾਈ ॥
ਸਮ ਸਲਿਤਾ[੧੧] ਮਨ ਮੀਨ ਬਨਾਈ ॥
ਪਰਮ ਸਿਖ ਜਿਨ ਕੋ ਮਨ ਕਾਨਨ ॥
ਵਿਚਰਹਿ ਨਿੰਤ ਗੁਰ ਸ਼ਬਦ ਪਚਾਨਨ ॥
ਤਾਰੋ[੧੨] ਭਰਮ ਭਿਰਯੋ ਨਰ ਡੋਲਹਿ ॥
ਗੁਰਬਾਨੀ ਤਾਰੀ[੧੩] ਸੰਗ ਖੋਲਹਿ ॥
ਭਗਤ ਵਿਰਾਗ ਗਿਆਨ ਗੁਨ ਘਨੇ ॥
ਪ੍ਰਵਿਸਹਿ ਕੋਸ਼ਠ ਸੋ ਤਬ ਚੁਨੇ ॥
ਸਤਿਗੁਰ ਬਾਨੀ ਚੰਦਨ ਬਾਵਨ ॥
ਮਨ ਦਾਸਨ ਤਰੁ ਤਰਹਿ ਸੁਖਾਵਨ[੧੪] ॥

ਸੀਤਗੁਰਾਂ ਨੇ ਸ਼ੁਰੂ ਤੋਂ ਹੀ ਸਿਖਾਂ ਨੂੰ 'ਸ਼ਬਦ' ਦੇ ਲੜ ਲਾਇਆ ਅਤੇ ਇਸ 'ਸ਼ਬਦ-ਪੂਜਾ' ਉਤੇ ਹੀ ਜ਼ੋਰ ਦਿਤਾ। ਗੁਰੂ ਪਾਤਸ਼ਾਹ ਸ਼ਬਦ ਕਰਕੇ ਹੀ ਸਿਖ ਦੇ ਸਦਾ ਅੰਗ ਸੰਗ ਹਨ। ਸ਼ਬਦ ਹੀ ਸਿਖ ਦੇ ਜੀਵਨ ਦਾ ਆਧਾਰ ਹੈ। ਸਤਿਗੁਰੂ ਜੀ ਦੀ ਦੇਹ, ਜਿਸ ਵਿਚ 'ਸ਼ਬਦ' ਵਿਦਮਾਨ ਸੀ ਤੇ ਹੁਣ ਹੈ, ਉਸ ਦਾ ਪਿਆਰ ਸਤਿਕਾਰ ਸਿਖਾਂ ਵਿਚ ਅਵੱਸ਼ ਸੀ ਤੇ ਹੁਣ ਹੈ, ਪਰ ਟੇਕ ਸਦਾ 'ਗੁਰ-ਸ਼ਬਦ' ਦੀ ਹੀ ਹੈ। ਸਤਿਗੁਰੂ ਜੀ ਨੇ ਆਪ, ਸਮੇਂ ਸਮੇਂ ਕੌਤਕ ਵਰਤਾ ਕੇ ਇਹ ਦ੍ਰਿੜ੍ਹਤਾ ਸਿਖਾਂ ਨੂੰ ਕਰਾਈ ਕਿ 'ਸ਼ਬਦ' ਹੀ ਗੁਰੂ ਹੈ, ਜਿਵੇਂ :—

(੧) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਉਂਦਿਆਂ ਹੀ "ਸ਼ਬਦ ਦੀ ਟਕਸਾਲ" ਆਪਣੇ ਪਰਮ-ਸਿਖ ਲਹਿਣਾ ਜੀ ਅੰਦਰ ਟਿਕਾ ਕੇ ਗੁਰੂ ਟਿੱਕ ਦਿਤਾ ਤੇ ਗੁਰੂ ਅੰਗਦ ਦੇਵ ਬਣਾ ਦਿਤਾ। ਫਿਰ ਆਪ ਜੀ ਜੀਵਨ ਦਾ ਬਾਕੀ ਸਮਾਂ ਸਿਖ ਰੂਪ ਵਿਚ ਵਿਚਰੇ ਤੇ ਸਿਖ ਰੂਪ ਵਿਚ ਹੀ ਚੋਲਾ ਛਡਿਆ।

(੨) ਇਸ ਤੋਂ ਜ਼ਰਾ ਕਰੜਾ ਕੌਤਕ ਵਰਤਾਇਆ ਗਿਆ ਜਦੋਂ ਇਹ 'ਸ਼ਬਦ ਟਕਸਾਲ' ਪੰਜ ਸਾਲਾਂ ਦੀ ਉਮਰ ਦੇ ਬਾਲਕ ਵਿਚ ਟਿਕਾ ਕੇ ਉਸ ਨੂੰ ਗੁਰੂ ਟਿੱਕ ਦਿਤਾ ਗਿਆ। ਗੁਰੂ-ਜੋਤਿ ਨੇ ਬਾਲਕ ਸਰੀਰ ਦੁਆਰਾ ਗੁਰੂ-ਸ਼ਬਦ ਦਾ ਪ੍ਰਸਾਰ ਕੀਤਾ ਤੇ ਭਰਮ ਗ੍ਰਸੇ ਮਨੁਖਾਂ ਦੇ ਭਰਮ-ਗੜ੍ਹ ਤੋੜੇ।

(੩) ਫਿਰ ਬਾਲੇ ਸਤਿਗੁਰੂ ਜੀ ਨੇ ਗੁਰੂ-ਜੋਤਿ ਨੂੰ ਸ਼ਬਦ ਅਤੇ ਧਿਆਨ ਦਵਾਰਾ ਦਿਲੀ ਤੋਂ ਬਾਬੇ ਬਕਾਲੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅੰਦਰ ਪ੍ਰਵੇਸ਼ ਕਰ ਦਿਤਾ। ਭਾਵੇਂ ਕਈ ਗਰਜ਼-ਗ੍ਰਸਤ ਡਿੰਭੀਆਂ ਨੇ ਭਰਮ-ਜਾਲ ਪਸਾਰੇ, ਪਰ 'ਸ਼ਬਦਿ-ਜੋਤਿ' ਦੇ ਸਚੇ ਪਛਾਣੂ ਗੁਰੂ ਕੇ ਸਿਖਾਂ ਨੇ ਘਾਲਣਾ ਘਾਲ ਕੇ ਅਸਲੀ ਗੁਰੂ ਲਭ ਹੀ ਲਿਆ।

(੪) ਇਕ ਹੋਰ ਪਰਚਾ ਪਿਆ। ਫਿਰ ਸ਼ਬਦ ਅਤੇ ਧਿਆਨ ਰਾਹੀਂ ਦਿਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਬੈਠੇ ਬਾਲਕ ਗੋਬਿੰਦ ਰਾਇ ਜੀ ਨੂੰ ਗੁਰੂ-ਜੋਤਿ ਦਾ ਵਾਰਸ ਥਾਪਿਆ ਗਿਆ।

(੫) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਰ ਕਰੜਾ ਕੌਤਕ ਵਰਤਾਇਆ। ਸ਼ਖਸੀ ਗੁਰਤਾ ਦੀ ਪ੍ਰੰਪਰਾ ਨੂੰ ਖ਼ਤਮ ਕਰ ਕੇ ਗੁਰੂ-ਜੋਤਿ ਨੂੰ ਸ਼ੁਧ, ਪਰ ਸੂਖਮ "ਸ਼ਬਦ-ਰੂਪ" ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਦਮਾਨ ਕਰ ਦਿਤਾ।

ਪੂਰਨ ਕਰਨੀ ਕਮਾਈ ਵਾਲੇ ਜੋਤਿ-ਜਗੰਨੇ ਤਿਆਰ-ਬਰ-ਤਿਆਰ ਸਿੰਘਾਂ ਦੇ ਪੁੰਜ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਗੁਰੂ ਜੁਗਤਿ' ਵਰਤਾਉਣ ਦਾ ਅਧਿਕਾਰ ਬਖ਼ਸ਼ਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਕੇਵਲ ਇਕੋ ਇਕ ਗ੍ਰੰਥ ਹਨ ਜਿਨ੍ਹਾਂ ਨੂੰ ਗੁਰੂ ਪਦਵੀ ਪ੍ਰਾਪਤ ਹੈ। ਸੰਸਾਰ ਦਾ ਸਾਧਾਰਨ ਮਨੁਖ ਸ਼ਬਦ ਦੀ 'ਸ਼ਕਤੀ' ਤੋਂ ਅਨਜਾਣ

੧੧. ਨਦੀ। ੧੨. ਤਾਲਾ। ੧੩. ਤਾਲੀ, ਕੁੰਜੀ। ੧੪. ਸੁਗੰਧਤ।



www.AKJ.Org

ਹੈ, ਇਸ ਲਈ ਉਸ ਦੀ ਸਮਝ ਵਿਚ 'ਸ਼ਬਦ-ਗੁਰੂ' ਦਾ ਸਿਧਾਂਤ ਅਜੇ ਨਹੀਂ ਆ ਰਿਹਾ। ਸਿਖ ਸ਼੍ਰੇਣੀ ਵਿਚੋਂ ਵੀ ਬਹੁਤ ਘਟ ਸੰਖਿਆ ਉਹਨਾਂ ਗੁਰਮੁਖਾਂ ਦੀ ਹੈ ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਗੁਰੂ' ਹੋਣ ਤੇ ਮਨ ਬਚ ਕਰਮ ਕਰ ਕੇ ਸਿਦਕ ਹੈ। ਮੁਬਾਰਕ ਹਨ ਅਜਿਹੇ ਵਡਭਾਗੀ ਵਿਅੱਕਤੀ, ਜਿਨ੍ਹਾਂ ਨੂੰ ਪੂਰਨ ਸਿਦਕ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ। ਉਨ੍ਹਾਂ ਦੀ ਤੁਫ਼ੈਲ ਹੀ ਕੌਮ ਵਿਚ ਜੀਵਨ-ਰੌ ਰੁਮਕ ਰਹੀ ਹੈ। ਸਮਾਂ ਆਏਗਾ ਜਦੋਂ ਸ਼ਬਦ-ਸਿਧਾਂਤ ਉਜਾਗਰ ਹੋਵੇਗਾ।

ਸਾਨੂੰ ਆਮ ਸਧਾਰਨ ਮਨੁਖਾਂ ਨੂੰ, ਜਿਨ੍ਹਾਂ ਨੂੰ ਅਜੇ "ਸ਼ਬਦ-ਗੁਰੂ" ਸਿਧਾਂਤ ਦੀ ਸੋਝੀ ਨਹੀਂ ਮਿਲੀ, ਉਹਨਾਂ ਨੂੰ ਸਤਿਗੁਰਾਂ ਤੋਂ "ਜੋਤਿ-ਪ੍ਰਕਾਸ਼" ਦੀ ਅਵਸਥਾ ਦੀ ਪ੍ਰਾਪਤੀ ਲਈ ਨਿਮਨ ਲਿਖਤ ਸੁਝਾਅ ਗੁਣਕਾਰੀ ਸਾਬਤ ਹੋ ਸਕਦੇ ਹਨ :—

(ੳ) ਅਸੀਂ ਆਪਣੇ ਜੀਵਨ ਦੀ ਹਰੇਕ ਕਿਰਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ ਨਾਲ ਅਰੰਭ ਕਰਿਆ ਕਰੀਏ।

(ਅ) ਸਤਿਗੁਰੂ ਦੇ ਨਿਤਾ-ਪ੍ਰਤ ਪ੍ਰਾਪਤ ਹੁਕਮਨਾਮੇ ਨੂੰ ਹਿਰਦੇ ਵਿਚ ਵਸਾਉਣ ਦਾ ਯਤਨ ਕਰੀਏ। ਅਜਿਹਾ ਕਰਨ ਲਈ ਦਿਨ ਵਿਚ ਘਟ ਤੋਂ ਘਟ ਪੰਜ ਵਾਰੀ ਸਵੇਰੇ ਪ੍ਰਾਪਤ ਹੋਏ ਹੁਕਮ ਦੇ ਭਾਵ ਨੂੰ ਚਿਤਾਰੀਏ ਅਤੇ ਦੇਖੀਏ ਕਿ ਸਾਡੀ ਕੋਈ ਕਿਰਿਆ ਉਸ ਦੇ ਉਲਟ ਤਾਂ ਨਹੀਂ।

(ੲ) ਵਧ ਤੋਂ ਵਧ ਬਾਣੀ ਕੰਠ ਕਰੀਏ ਤੇ ਹਰ ਮਹੀਨੇ ਮਗਰੋਂ ਝਾਤੀ ਮਾਰੀਏ ਕਿ ਕਿੰਨੀ ਕੁ ਬਾਣੀ ਹੋਰ ਕੰਠ ਹੋਈ ਹੈ। ਜੇ ਅਗਲੀ ਕੰਠ ਕੀਤੀ ਬਾਣੀ ਵੀ ਵਿਸਰ ਗਈ ਹੈ ਤਾਂ ਇਹ ਢਹਿੰਦੀ ਕਲਾ ਦੀ ਸੂਚਕ ਹੈ।

(ਸ) ਗੁਰਬਾਣੀ ਦਾ ਵਧ ਤੋਂ ਵਧ ਸਤਿਕਾਰ ਕਰੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਅਤੇ ਗੁਰਸਿਖਾਂ ਨੂੰ ਇਹਨਾਂ ਦੀ ਪ੍ਰਾਪਤੀ ਲਈ ਜੋ ਵਰਤ-ਮਾਨ ਪ੍ਰਬੰਧ ਹੈ, ਇਸ ਵਿਚ ਪ੍ਰੀਵਰਤਨ ਲਿਆਉਣ ਲਈ ਹੰਭਲਾ ਮਾਰੀਏ।

(ਹ) ਦੀਵਾਨ ਦੀ ਸਮਾਪਤੀ ਉਦੋਂ ਸਮਝੀਏ ਜਦੋਂ ਸ੍ਰੀ ਗੁਰੂ ਜੀ ਮਹਾਰਾਜ ਸੁਖਾਸਣ ਰੂਪ ਵਿਚ ਆਪਣੇ ਸੁਖਾਸਣ ਤੇ ਬਿਰਾਜਮਾਨ ਹੋ ਜਾਵਣ।

(ਕ) ਜੀਵਨ ਵਿਚ ਪਰਚਾ 'ਸ਼ਬਦ' ਦਾ ਰਖੀਏ ਅਤੇ 'ਸ਼ਬਦ-ਅਭਿਆਸ' ਵਿਚ ਪ੍ਰਪਕ ਹੋਵੀਏ, ਕਿਉਂ ਜੁ ਸੁਰਤ ਸ਼ਬਦ ਦੇ ਮੇਲ ਨਾਲ ਹੀ ਸ਼ਬਦ-ਕਲਾ ਵਰਤ ਸਕਦੀ ਹੈ।

(ਖ) ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੜੇ ਸਾਦੇ ਪੁਸ਼ਾਕੇ ਵਿਚ ਜਾਈਏ। ਭੈ ਅਤੇ ਅਦਬ ਵਿਚ ਵਿਚਰੀਏ।

ਅਖੀਰ ਵਿਚ ਗੁਰੂ ਅਤੇ ਸ਼ਬਦ ਦੀ ਓਤ ਪੋਤ ਏਕਤਾ ਦਰਸਾਉਣ ਲਈ ਕੁਝ ਕੁ ਹਵਾਲੇ ਦਿਤੇ ਜਾਂਦੇ ਹਨ .—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ<br>
ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕ<br>
ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

[ਨਟ ਮ: ੪, ਪੰਨਾ ੯੮੨

ਗੁਰੁ ਮੂਰਤਿ ਗੁਰੁ ਸਬਦ ਹੈ ਸਾਧ ਸੰਗਤਿ<br>
ਵਿਚ ਪ੍ਰਗਟੀ ਆਯਾ ॥

[ਭਾਈ ਗੁਰਦਾਸ ਜੀ, ਵਾਰ ੨੪

ਤੀਨ ਰੂਪ ਹੈ ਮੋਹਿ ਕੇ, ਸੁਨੋ ਨੰਦ ਚਿਤ<br>
ਲਾਇ ॥ ਨਿਰਗੁਣ ਸਰਗੁਣ ਗੁਰ-ਸਬਦ,<br>
ਕਹੋ ਤੋਹਿ ਸਮਝਾਇ ॥

[ਰਹਿਤਨਾਮਾ ਪ੍ਰਸ਼ਨ ਉਤਰ ਭਾਈ ਨੰਦ ਨਾਲ ਜੀ

ਜੈਸੇ ਫਲ ਸੈ ਬਿਰਖ, ਬਿਰਖ ਸੈ ਹੋਤ ਫਲ,<br>
ਅਦਭੁਤਿ ਗਤਿ ਕਛ ਕਹਨਿ ਨ ਆਵੈ ਜੀ।<br>
ਜੈਸੇ ਬਾਸ ਬਾਵਨ ਮੈ, ਬਾਵਨ ਹੈ ਬਾਸ<br>
ਬਿਖੈ, ਬਿਸਮ ਚਰਿਤ੍ਰ ਕੋਈ ਮਰਮ ਨ ਪਾਵੈ<br>
ਜੀ ॥ ਕਾਸਟ ਮੈ ਅਗਨਿ, ਅਗਨਿ ਮਹਿ<br>
ਕਾਸਟ ਹੈ, ਅਤਿ ਅਸਚਰਜ ਹੈ ਕੌਤਕ<br>
ਕਹਾਵੈ ਜੀ। ਸਤਿਗੁਰ ਮੈਂ ਸਬਦ, ਸਬਦ<br>
ਮੈ ਸਤਿਗੁਰ ਰਹੇ, ਨਿਰਗੁਨ ਗਿਆਨ<br>
ਧਿਆਨ ਸਮਝਾਵੈ ਜੀ ॥੪੩॥

[ਸਵਯੇ ਭਾਈ ਗੁਰਦਾਸ ਜੀ



www.AKJ.Org

# ਗੁਰੂ ਅਰਜੁਨ ਪਰਤਖ੍ਹ ਹਰਿ

[ਵਲੋਂ :– ਸ: ਵਿਧਾਤਾ ਸਿੰਘ ਜੀ 'ਤੀਰ']

ਕੁਦਰਤ ਦੇ ਕਾਮਲ ਕਾਦਰ ਨੇ, ਇਕ ਅਜਬ ਕਮਾਲ ਵਿਖਾਇਆ ਹੈ।
ਰੂਹ ਕੱਢ ਕੇ ਕੋਮਲ ਹੁਨਰਾਂ ਦੀ, ਇਕ ਕੋਮਲ ਦਿਲ ਬਣਾਇਆ ਹੈ।
ਸਭ ਸਹਿਨ-ਸ਼ਕਤੀਆਂ ਗੋ ਗੋ ਕੇ, ਇਕ ਸਾਬਰ ਬੁੱਤ ਸਜਾਇਆ ਹੈ।
ਫਿਰ ਆਪ ਆਪਣੀ ਜੋਤੀ ਦਾ, ਸਭ ਚਾਨਣ ਉਸ ਵਿਚ ਪਾਇਆ ਹੈ।
ਪਾ ਨਜ਼ਰ ਸਹੰਸਰ ਨੈਣਾਂ ਦੀ, ਨੈਣਾਂ ਵਿਚ ਆਪ ਸਮਾਇਆ ਹੈ।
ਜੋ ਹਰ-ਥਾਵਾਂ ਹਰਿ ਵਜਦਾ ਹੈ, ਉਹ ਅਰਜਨ ਬਣ ਕੇ ਆਇਆ ਹੈ।

ਪਈ ਕੂਕੇ ਬਾਣੀ ਅਰਸ਼ਾਂ ਦੀ, ਇਹ ਅਮਰ ਸੁਗੰਧ ਖਿਲਾਰੇਗਾ।
ਇਸ ਦੇ ਲੂੰ ਲੂੰ ਹਿਮਾਲੇ ਹਨ, ਇਹ ਤੱਤੀਆਂ ਤਵੀਆਂ ਠਾਰੇਗਾ।
ਮਨ ਜਗ ਦਾ ਸੁਖੀਆ ਕਰਨ ਲਈ, ਮੁਖ ਤੋਂ ਸੁਖਮਨੀ ਉਚਾਰੇਗਾ।
ਇਹ ਆਸ਼ਕ ਅੰਦਰ ਦੇਗਾਂ ਦੇ, ਕਰਨੀ ਦੇ ਮਹਿਲ ਉਸਾਰੇਗਾ।
ਇਹ ਉਹ ਹੈ ਜਿਸ ਦਾ ਰੱਜ ਰੱਜ ਕੇ, ਯੱਸ ਵੇਦ ਪੁਰਾਣਾਂ ਗਾਇਆ ਹੈ।
ਇਹ ਹਰਿਜੀ ਹੈ, ਇਸ ਹਰਨਾ ਨਹੀਂ, ਹਰਿ ਅਰਜਨ ਬਣ ਕੇ ਆਇਆ ਹੈ।

ਪੰਜ ਪਾਣੀ. ਇਸ ਨੂੰ ਪੂਜਣਗੇ, ਪੰਜਵਾਂ ਨਾਨਕ ਸਦਵਾਵੇਗਾ।
ਸੰਗੀਤ - ਚਾਰੀਆ ਮਹਾਂ ਕਵੀ, ਇਹ ਰਾਗ ਕਾਵਿ ਚਮਕਾਵੇਗਾ।
ਤਖ਼ਤੇ ਪਈ ਮਾਂ ਪੰਜਾਬੀ ਨੂੰ, ਇਹ ਤਖ਼ਤ ਉਤੇ ਬਿਠਲਾਵੇਗਾ।
ਤਕ ਇਸ ਦੀ ਘੋਰ ਤਪੱਸਿਆ ਨੂੰ, ਜਗ ਮੂੰਹ ਵਿਚ ਉਂਗਲੀ ਪਾਵੇਗਾ।
ਇਹ ਸੋਢ-ਬੰਸ ਦੇ ਖ਼ੂਨ ਲਈ, ਇਕ ਨਵਾਂ ਸੰਦੇਸ ਲਿਆਇਆ ਹੈ।
ਇਹ ਹਰਿ ਵੀ ਹੈ ਹਰਿ-ਜਨ ਵੀ ਹੈ, ਜੋ ਅਰਜਨ ਬਣ ਕੇ ਆਇਆ ਹੈ।

ਅੱਗ, ਸੂਰਜ, ਰੇਤਾ, ਦੇਗ, ਤਵੀ, ਪੰਜ ਇਸ ਤੇ ਹੱਲਾ ਬੋਲਣਗੇ।
ਪੰਜ ਰਲ ਕੇ ਪੰਜਵੇਂ ਨਾਨਕ ਦਾ, ਹਠ, ਸਬਰ, ਹੌਸਲਾ ਤੋਲਣਗੇ।
ਇਸ ਦੇ ਦਿਲ ਵਿਚਲੀ ਸ਼ਾਂਤੀ ਨੂੰ, ਲੱਖ ਲਾਂਬੂ ਆਣ ਟਟੋਲਣਗੇ।
ਲੱਖ ਛਾਲੇ ਇਸ ਦੇ ਲੂੰ ਲੂੰ ਦੇ, ਲੱਖ ਰੱਬੀ ਰਮਜ਼ਾਂ ਖੋਲ੍ਹਣਗੇ।
ਖੰਡਾਂ ਬ੍ਰਹਿਮੰਡਾਂ ਪੁਰੀਆਂ ਤੇ, ਜਿਸ ਰੱਬ ਦੀ ਖਿਲਰੀ ਮਾਇਆ ਹੈ।
ਉਹ ਵਰਜਣ ਖ਼ਾਤਰ ਬਦੀਆਂ ਤੋਂ, ਅਜ ਅਰਜਨ ਬਣ ਕੇ ਆਇਆ ਹੈ।

ਇਹ ਸੱਚ ਹੈ, ਸੱਚ ਦਾ ਆਸ਼ਕ ਵੀ, ਇਸ ਅੱਗ ਵਿਚ ਠਰਨਾ ਦਸਣਾ ਹੈ।
ਇਸ ਜੱਗ ਨੂੰ ਜੀਉਣਾ ਦਸਣਾ ਹੈ, ਇਸ ਮਰ ਕੇ ਮਰਨਾ ਦਸਣਾ ਹੈ।
ਇਸ ਦੇਗ ਉਬਲਦੀ ਵਿਚ ਤਰ ਕੇ, ਡੁੱਬਿਆਂ ਨੂੰ ਤਰਨਾ ਦਸਣਾ ਹੈ।
ਇਸ ਸ਼ਾਂਤੀ-ਪੁੰਜ ਨੇ ਦੁਨੀਆ ਨੂੰ, ਦਮ ਸੱਚ ਦਾ ਭਰਨਾ ਦਸਣਾ ਹੈ;
ਇਹ ਤੇਜ ਅਸੰਖਾਂ ਭਾਨਾਂ ਦਾ, ਭਾਨੀ ਨੇ ਕੁੱਖ ਤੋਂ ਜਾਇਆ ਹੈ।
ਅਜ 'ਤੀਰ' ਨਿਰਗਣੋਂ ਸਰਗੁਣ ਹੋ, ਹਰਿ ਅਰਜਨ ਬਣ ਕੇ ਆਇਆ ਹੈ।

['ਭਿੰਨੀ ਰੈਨੜੀਏ' ਪੁਸਤਕ ਵਿਚੋਂ


www.AKJ.Org

# ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ

[ਵਲੋਂ :– ਸ: ਦੇਵਾ ਸਿੰਘ ਜੀ ਕਿਰਤੀ, ਅੰਮ੍ਰਿਤਸਰ]

(੧)

ਰੱਬ ਵੇਖਣਾ ਏਹਨਾਂ ਅੱਖੀਆਂ ਨਾਲ ਜੇ ਕੋਈ ਚਾਹਵੇ।
ਸਤ ਸੰਗਤ ਦੇ ਬੇੜੇ ਉਤੇ ਚੜ੍ਹ ਕੇ ਏਥੇ ਆਵੇ।
ਹਰਿਮੰਦਰ ਦੇ ਅੰਦਰ ਬੈਠਾ ਆਪਣੀ ਸੁਰਤ ਟਿਕਾਵੇ।
'ਕਿਰਤੀ' ਧਨੀ ਗਰੀਬ ਹੈ ਭਾਵੇਂ ਦਰਸ਼ਨ ਹਰਿ ਦਾ ਪਾਵੇ।

(੨)

ਕਾਲੇ ਕਾਂ ਆਏ, ਬਣ ਕੇ ਹੰਸ ਨਿਕਲੇ, ਜਨਮ ਆਪਣਾ ਗਏ ਵਟਾ ਜਿੱਥੋਂ।
ਕੋੜ੍ਹ ਕੋੜ੍ਹਿਆਂ ਦੇ ਹੁੰਦੇ ਦੂਰ ਡਿਠੇ, ਗਏ ਆਪਣੇ ਰੋਗ ਗਵਾ ਜਿੱਥੋਂ।
ਭਰ ਭਰ ਝੋਲੀਆਂ ਗਏ ਮੁਰਾਦ ਪਾ ਕੇ, ਜੋ ਜੋ ਮੰਗਿਆ ਕਿਸੇ ਨੇ ਆ ਜਿੱਥੋਂ।
ਊਚ ਨੀਚ ਅਮੀਰ ਗ਼ਰੀਬ ਵਾਲੇ, ਦਿਤੇ ਵਿਤਕਰੇ ਕੁਲ ਮਿਟਾ ਜਿੱਥੋਂ।
ਹਉਮੈ ਰੋਗ ਨੇ ਅਜ ਖੁਆਰ ਕੀਤਾ, ਰਿਹਾ ਅਸਾਂ ਦੇ ਵਿਚ ਸਤਿਕਾਰ ਨਾਹੀਂ।
'ਕਿਰਤੀ' ਸਤਿਗੁਰੋ, ਆਪ ਸੁਮੱਤ ਬਖਸ਼ੋ, ਹੋਰ ਆਸਰਾ ਵਿਚ ਸੰਸਾਰ ਨਾਹੀਂ।

## *ਹੇ ਸਤਿਗੁਰੂ ਜੀ, ਕਿਰਪਾ ਕਰੋ*

ਕੱਚੇ ਗੁਰੂ ਦਵਾਰੇ ਸਨ ਤਾਂ ਮਨ ਸਾਡੇ ਸਨ ਪੱਕੇ।
ਪੱਕੇ ਗੁਰੂ ਦਵਾਰੇ ਬਣ ਗਏ, ਮਨ ਕਿਉਂ ਹੋ ਗਏ ਕੱਚੇ।
ਹੇ ਸਤਿਗੁਰੂ ਜੀ ! ਕਿਰਪਾ ਕਰ ਕੇ, ਕੱਟੋ ਹਉਮੈ ਤਾਈਂ।
'ਕਿਰਤੀ' ਵੇਖੋ ਫੁਟ , ਭੂਤਨੀ ਅਜ ਅਸਾਂ ਵਿਚ ਆਈ।

---

# ਕੁਰਾਲਾ (ਦਸੂਹਾ) ਵਿਖੇ ਰੈਣ ਸਬਾਈ ਕੀਰਤਨ

ਭਾਈ ਅਵਤਾਰ ਸਿੰਘ ਜੀ ਕੁਰਾਲਾ ਬੇਨਤੀ ਕਰਦੇ ਹਨ ਕਿ ਪਿੰਡ ਕੁਰਾਲਾ ਵਿਖੇ ੧੮ ਜੂਨ ੧੯੭੭ ਸ਼ਨੀਵਾਰ ਦੀ ਰਾਤ ਨੂੰ ਸੱਚੇ ਪਾਤਸ਼ਾਹ ਜੀ ਦੀ ਅਪਾਰ ਕਿਰਪਾ ਦੁਆਰਾ ਰੈਣ ਸਬਾਈ ਕੀਰਤਨ ਹੋਣਗੇ ਅਤੇ ੧੯ ਜੂਨ ਨੂੰ ਸਵੇਰੇ ਬੀਬੀ ਦੇ ਅਨੰਦ ਕਾਰਜ ਹੋਣਗੇ। ਸਮੂਹ ਸੰਗਤਾਂ ਹਾਜ਼ਰੀ ਭਰ ਕੇ ਬੀਬੀ ਨੂੰ ਅਸੀਸਾਂ ਬਖ਼ਸ਼ਣ ਅਤੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

---

# ਫਗਵਾੜਾ ਵਿਖੇ ਰੈਣ ਸਬਾਈ ਕੀਰਤਨ

ਗੁਰਦੁਆਰਾ ਅਕਾਲੀਆਂ, ਰੇਲਵੇ ਰੋਡ, ਫਗਵਾੜਾ ਵਿਖੇ ੧੮ ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਸਮਾਗਮ ਹੋ ਰਹੇ ਹਨ, ਜਿਸ ਦੇ ਭੋਗ ਐਤਵਾਰ ਸਵੇਰੇ ੬ ਵਜੇ ਪੈਣਗੇ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ।

ਦਾਸਰੇ–ਅਖੰਡ ਕੀਰਤਨੀ ਜੱਥਾ, ਫਗਵਾੜਾ–ਗੁਰਾਇਆ



www.AKJ.Org

# ਕਈ ਪਸ਼ੂ ਭੀ ਜੂਠ ਮੰਨਦੇ ਹਨ

[ਵਲੋਂ :– ਸ: ਲਾਭ ਸਿੰਘ ਜੀ, 'ਮੀਲੂ']

ਹਿੰਦੂ ਅਤੇ ਸਿਖਾਂ ਵਿਚ ਇਕ ਦੂਜੇ ਦੀ ਜੂਠ ਖਾਣਾ ਬਹੁਤ ਬੁਰਾ ਸਮਝਿਆ ਜਾਂਦਾ ਸੀ। ਇਕ ਦੂਜੇ ਦੇ ਭਾਂਡੇ ਵਿਚ ਭੋਜਨ ਕਰਨਾ ਜਾਂ ਪਾਣੀ ਪੀਣਾ ਬੁਰਾ ਸਮਝਦੇ ਸਨ। ਇਹ ਗੱਲ ਡਾਕਟਰੀ ਅਸੂਲਾਂ ਨਾਲ ਵੀ ਬਹੁਤ ਠੀਕ ਹੈ, ਕਿਉਂਕਿ ਕਈ ਬੰਦਿਆਂ ਨੂੰ ਛੂਤ ਦੀਆਂ ਬਿਮਾਰੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਕੀਟਾਣੂ ਜੂਠੇ ਭਾਂਡੇ ਰਾਹੀਂ ਦੂਜੇ ਬੰਦੇ ਵਿਚ ਪ੍ਰਵੇਸ਼ ਕਰ ਜਾਂਦੇ ਹਨ ਤੇ ਜੂਠ ਖਾਣ ਵਾਲਾ ਬੰਦਾ ਵੀ ਉਸ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਮੁਸਲਮਾਨ ਭਰਾ ਤਾਂ ਪਹਿਲਾਂ ਤੋਂ ਹੀ ਜੂਠ ਤੋਂ ਪ੍ਰਹੇਜ਼ ਨਹੀਂ ਕਰਦੇ। ਮੇਰੇ ਖਿਆਲ ਅਨੁਸਾਰ ਜੂਠ ਦਾ ਜ਼ਰੂਰ ਹੀ ਧਿਆਨ ਰਖਣਾ ਚਾਹੀਦਾ ਹੈ। ਅਜ ਕਲ ਦੇ ਨੌਜੁਆਨ ਜੂਠ ਤੋਂ ਬਹੁਤ ਘਟ ਪ੍ਰਹੇਜ਼ ਕਰਦੇ ਹਨ।

ਸਾਡੇ ਨਾਲੋਂ ਪਸ਼ੂ ਬਹੁਤ ਸਿਆਣੇ ਹਨ। ਇਕ ਦਿਨ ਦੀ ਗੱਲ ਹੈ ਕਿ ਮੈਂ ਆਪਣੇ ਪਸ਼ੂਆਂ ਨੂੰ ਪੰਪ ਤੋਂ ਪਾਣੀ ਪਿਲਾਉਣ ਲੱਗਾ, ਪਹਿਲਾਂ ਤਸਲੇ ਨਾਲ ਗਊ ਨੂੰ ਪਾਣੀ ਪਿਲਾਇਆ। ਉਸ ਨੇ ਰੱਜ ਕੇ ਪਾਣੀ ਪੀਤਾ। ਫਿਰ ਮੱਝ ਨੂੰ ਉਸੇ ਤਸਲੇ ਵਿਚ ਪਾਣੀ ਪਿਲਾਉਣ ਲੱਗਾ, ਪਰ ਉਸ ਨੇ ਤਸਲੇ ਵਲ ਮੂੰਹ ਹੀ ਨਾ ਕੀਤਾ। ਇਸੇ ਤਰ੍ਹਾਂ ਸਾਰੇ ਪਸ਼ੂਆਂ ਨੂੰ ਪਾਣੀ ਵਿਖਾਇਆ, ਪਰ ਕਿਸੇ ਨੇ ਵੀ ਘੁਟ ਨਾ ਭਰਿਆ। ਮੈਨੂੰ ਸ਼ੱਕ ਫੁਰੀ ਕਿ ਇਹ ਕਿਤੇ ਜੂਠ ਨਾ ਮੰਨਦੇ ਹੋਣ। ਮੈਂ ਬਾਲਟੀ ਭਰ ਕੇ ਮੱਝ ਅਗੇ ਰਖੀ, ਜੋ ਉਹ ਗਟਾ ਗਟ ਉਪਰ ਥਲੀ ਤਿੰਨ ਵਡੀਆਂ ਬਾਲਟੀਆਂ ਪਾਣੀ ਪੀ ਗਈ। ਸਾਰੇ ਪਸ਼ੂਆਂ ਨੇ ਰੱਜ ਰੱਜ ਪਾਣੀ ਪੀਤਾ, ਕਿਸੇ ਨੇ ਦੋ ਬਾਲਟੀਆਂ, ਕਿਸੇ ਨੇ ਤਿੰਨ ਬਾਲਟੀਆਂ। ਮੈਂ ਇਸ ਗੱਲ ਨੂੰ ਵੇਖ ਕੇ ਹੈਰਾਨ ਰਹਿ ਗਿਆ। ਖ਼ਿਆਲ ਕੀਤਾ ਕਿ ਪਸ਼ੂਆਂ ਨੂੰ ਭੀ ਸੁੱਚ ਜੂਠ ਦਾ ਗਿਆਨ ਹੈ। ਕਿੰਨੇ ਸਮਝਦਾਰ ਨੇ ਇਹ ਪਸ਼ੂ। ਪਰ ਦੂਜੇ ਪਾਸੇ ਅੱਜ ਕਲ ਦੇ ਪੜ੍ਹੇ ਲਿਖੇ ਨੌਜਵਾਨ ਜੂਠਾ ਖਾਣਾ ਚੰਗਾ ਹੀ ਨਹੀਂ, ਸਗੋਂ ਫ਼ਖ਼ਰ ਸਮਝਦੇ ਹਨ।

[ਅਕਾਲੀ ਪਤ੍ਰਕਾ, ੨੬-੫-੭੭

---

# ਮਨ ਨੂੰ

[ਵਲੋਂ :– ਸ: ਪਰਮਵੀਰ ਸਿੰਘ ਜੀ, ਨਵਾਲੀ]

ਹੇ ਮਨ ਐਸੀ ਕਰ ਕਮਾਈ,
ਜਿਸ ਤੋਂ ਖ਼ੁਸ਼ ਹੋਵੇ ਲੁਕਾਈ।

ਹੇ ਮਨ ! ਐਸੀ ਗੱਲ ਸੁਣਾਈਂ,
ਜਿਸ ਤੋਂ ਦੁਖ ਕਦੇ ਨਾ ਪਾਈਂ।

ਹੇ ਮਨ ! ਉਸੇ (ਗੁਰੂ) ਨੂੰ ਵਡਿਆਈਂ,
ਜਿਸ ਵਿਚ ਕੋਈ ਵੀ ਔਗੁਣ ਨਹੀਂ।

ਹੇ ਮਨ ! ਝੂਠੀ ਕਾਰ ਨਾ ਕਰੀਂ,
ਸੱਚ ਕਹਿੰਦਾ ਕਦੇ ਨਾ ਡਰੀਂ।

ਹੇ ਮਨ ! ਦੁੱਖ ਨੂੰ ਸੁੱਖ ਕਰ ਜਰੀਂ,
ਤੇ ਦੁਖ ਵਿਚ ਵਾਹਿਗੁਰੂ ੨ ਕਰੀਂ।

ਹੇ ਮਨ ! ਨਿੰਦਾ ਕਿਸੇ ਦੀ ਨਾ ਕਰੀਂ,
ਸਿਫ਼ਤ ਅਕਾਲ ਪੁਰਖ ਦੀ ਹੀ ਕਰੀਂ।

ਹੇ ਮਨ ! ਵੱਡਾ ਕਦੇ ਨਾ ਬਣੀਂ,
ਨਿਮਾਣਾ ਹੋ ਕੇ ਮਾਣ ਤੋਂ ਡਰੀਂ।

---


# 'ਰੰਗਲੇ ਸਜਣ' ਲਿਖਤ ਭਾਈ ਸਾਹਿਬ ਰਣਧੀਰ ਸਿੰਘ ਜੀ

ਇਸ ਪੁਸਤਕ ਵਿਚ ਕੁਝ ਉਨ੍ਹਾਂ ਪੁਗ ਖਲੋਤੇ ਸਜਣਾਂ ਦੀਆਂ ਰੰਗ-ਰਤੀਆਂ ਜੀਵਨੀਆਂ ਹਨ, ਜਿਨ੍ਹਾਂ ਨੂੰ ਭਾਈ ਸਾਹਿਬ ਜੀ ਦੀ ਸੰਗਤ ਦੀ ਛੁਹ ਪ੍ਰਾਪਤ ਰਹੀ ਹੈ। ਪ੍ਰਮਾਰਥਕ ਜੀਵਨ ਨੂੰ ਰੰਗਣ ਲਈ ਇਹ ਜੀਵਨੀਆਂ ਬੜੀਆਂ ਸਹਾਇਕ ਹਨ।

'ਰੰਗਲੇ ਸਜਣ' ਨਵੀਂ ਐਡੀਸ਼ਨ ਵਡੇ ਆਕਾਰ ਵਿਚ ਸੋਹਣੀ ਛਪਾਈ ਤੇ ਜਿਲਦ ਸਮੇਤ ਭੇਟਾ ਕੇਵਲ ੪-੦੦


www.AKJ.Org

# ਉਸ ਦੀ ਯਾਦ ਬਿਨਾਂ ਦੁਖ ਭੋਗਾਂ

[ਵਲੋਂ :— ਸ: ਸਾਧੂ ਸਿੰਘ ਜੀ, ਸੂਫ਼ੀ]

ਪ੍ਰੇਮ-ਪਿਆਲਾ ਹਰ-ਦਮ ਪੀਵਾਂ, ਨਾਮ ਨਸ਼ੇ ਵਿਚ ਹੋ ਕੇ, ਦਿਲ ਨੂੰ ਧੋ ਕੇ।
ਭਾਵੇਂ ਵੇਚਾਂ ਦੀਨ ਖ਼ਰੀਦਾਂ, ਖ਼ੁਦੀ ਤਕੱਬਰ ਖੋਹ ਕੇ, ਪਰ ਦਰ ਢੋ ਕੇ।
ਉਸ ਦੀ ਯਾਦ ਬਿਨਾਂ ਦੁਖ ਭੋਗਾਂ, ਆਪਣਾ ਆਪ ਡੁਬੋ ਕੇ, ਬੇ-ਸੁਧ ਹੋ ਕੇ।
ਸੂਫ਼ੀ ਹਾਂ ਮੈਂ ਮਸਤ ਨਸ਼ੇ ਵਿਚ, ਮੋਤੀ ਸਦਾ ਪਰੋ ਕੇ, ਅੰਮ੍ਰਿਤ ਚੋ ਕੇ।੯੧।
ਬਾਝ ਪਿਆਰੇ ਸਜਣ ਮੈਨੂੰ, ਦਿਸੇ ਨਰਕ ਵਡੇਰਾ, ਅਤੇ ਹਨੇਰਾ।
ਬਾਝ ਪਿਆਰੇ ਦਰਸ਼ਨ ਦਿੱਸੇ, ਜਗਤ ਖ਼ਰਾਬ ਘਨੇਰਾ, ਤੇ ਦਿਲ ਮੇਰਾ।
ਬਾਝ ਮਿਲਾਪ ਪ੍ਰੀਤਮ ਭੁੱਜਾ, ਕਰ ਕੇ ਭਠ ਵਸੇਰਾ, ਧਰ ਕੇ ਜੇਰਾ।
ਸੂਫ਼ੀ ਹਾਂ ਮੈਂ ਮਸਤ ਨਸ਼ੇ ਵਿਚ, ਮੇਰਾ ਰਾਜ ਚੰਗੇਰਾ, ਸ਼ਾਹ ਉਚੇਰਾ।੯੨।
ਕੱਟ ਗਿਆ ਮੈਂ ਦੂਜ ਭਾਵਨਾ, ਇਕੋ ਬ੍ਰਹਮ ਸੁਝਾ ਕੇ, ਘਰ ਵਿਚ ਜਾ ਕੇ।
ਲੰਘ ਗਿਆ ਮੈਂ ਦੁਨੀਆ ਸਾਰੀ, ਉੱਚਾ ਢੋਲ ਵਜਾ ਕੇ ਨਾਅਰੇ ਲਾ ਕੇ।
ਲਾ ਮਕਾਨੀ ਡੇਰਾ ਲਾ ਕੇ, ਦੂਜਾ ਭਾਵ ਮਿਟਾ ਕੇ, ਫ਼ਤਹ ਬੁਲਾ ਕੇ।
ਸੂਫ਼ੀ ਹਾਂ ਮੈਂ ਮਸਤ ਨਸ਼ੇ ਵਿਚ, ਹਰ ਦਮ ਜੋਤ ਜਗਾ ਕੇ, ਖੁਸ਼ੀ ਮਨਾ ਕੇ।੯੩।

---

# ਸਿਖ ਧਰਮ ਤੇ ਮਾਸ ਸ਼ਰਾਬ

ਜੇ. ਪੀ. ਸੰਗਤ ਸਿੰਘ ਜੀ ਬੰਬਈ ਵਾਲਿਆਂ ਦੇ ਉਪਰੋਕਤ ਵਿਸ਼ੇ ਤੇ ਕਈ ਲੇਖ ਸੂਰਾ ਮਾਸਕ ਪੱਤਰ ਵਿਚ ਛਪਦੇ ਆ ਰਹੇ ਰਹੇ ਹਨ, ਜੋ ਗੁਰਬਾਣੀ, ਗੁਰ ਇਤਿਹਾਸ, ਰਹਿਤਨਾਮਿਆਂ, ਹੁਕਮਨਾਮਿਆਂ ਅਤੇ ਹੋਰ ਅਨੇਕਾਂ ਹਵਾਲਿਆਂ ਸਹਿਤ ਪੇਸ਼ ਕੀਤੇ ਗਏ ਹਨ। ਦੁਨੀਆ ਭਰ ਦੇ ਵਿਦਵਾਨਾਂ, ਡਾਕਟਰਾਂ ਅਤੇ ਫਿਲਾਸਫਰਾਂ ਦੇ ਵਿਚਾਰ ਵੀ ਦਿਤੇ ਗਏ ਹਨ।

ਗੁਰਮਤਿ ਦੀ ਰੌਸ਼ਨੀ ਵਿਚ ਲਿਖੇ ਇਨ੍ਹਾਂ ਲੇਖਾਂ ਨੂੰ ਕਈ ਨਵੇਂ ਵਾਧਿਆਂ ਸਮੇਤ ਪੁਸਤਕ ਰੂਪ ਵਿਚ ਛਾਪ ਦਿਤਾ ਗਿਆ ਹੈ। ਕਾਗਜ਼ ਤੇ ਛਪਾਈ ਚੰਗੀ, ਸਫ਼ੇ ੨੩੬, ਜਿਲਦ ਸਮੇਤ ਭੇਟਾ ਤਿੰਨ ਰੁਪਏ

---

# ਗੁਰਦੁਆਰਾ ਬਜ਼ਾਰ ਸ਼ੇਖਾਂ, ਜਲੰਧਰ ਵਿਖੇ ਦਿਵਸ ਸੁਹੇਲਾ ਕੀਰਤਨ

ਸ: ਗੁਰਬਖਸ਼ ਸਿੰਘ, ਚਾਵਲਾ ਕਲਾਥ ਹਾਊਸ, ਬਜ਼ਾਰ ਸ਼ੇਖਾਂ, ਜਲੰਧਰ, ਇਤਲਾਹ ਦਿੰਦੇ ਹਨ ਕਿ ੧੨ ਜੂਨ ਐਤਵਾਰ ਨੂੰ ਗੁਰਦਵਾਰਾ ਸਾਹਿਬ ਬਜ਼ਾਰ ਸ਼ੇਖਾਂ ਵਿਖੇ ਪੰਜ ਵਜੇ ਸਵੇਰ ਤੋਂ ਚਾਰ ਵਜੇ ਸ਼ਾਮ ਤਕ ਦਿਵਸ ਸੁਹੇਲੇ ਕੀਰਤਨ ਹੋਣਗੇ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ।

---

# ਦਾੜ੍ਹਾ ਪ੍ਰਕਾਸ਼ ਰਖਣ ਖ਼ਾਤਰ ਨੌਕਰੀਓਂ ਕਢੇ ਗਏ ਸਜਣ

ਜਿਹੜੇ ਸਜਣ ਨੇਵੀ, ਏਅਰ ਫ਼ੋਰਸ ਜਾਂ ਆਰਮੀ ਵਿਚੋਂ ਜਾਂ ਕਿਸੇ ਹੋਰ ਡੀਪਾਰਟਮੈਂਟ ਵਿਚੋਂ ਦਾੜ੍ਹਾ ਪ੍ਰਕਾਸ਼ ਰਖਣ ਦੇ ਕੇਸ ਵਿਚ ਨੌਕਰੀ ਵਿਚੋਂ ਕਢੇ ਗਏ ਹੋਣ, ਉਹ ਹੇਠ ਲਿਖੇ ਪਤੇ ਤੇ ਆਪਣਾ ਅਜ ਕਲ੍ਹ ਦਾ ਐਡਰੈਸ ਜਲਦੀ ਹੀ ਭੇਜ ਦੇਣ। ਜੇ ਹੋਰ ਕਿਸੇ ਸਜਣ ਨੂੰ ਕਿਸੇ ਅਜਿਹੇ ਸਜਣ ਬਾਰੇ ਪਤਾ ਹੋਵੇ ਤਾਂ ਉਹ ਹੀ ਪਤਾ ਭੇਜ ਦੇਵੇ। ਦਾਸ—ਸੁਬੇਗ ਸਿੰਘ, ਗੁਰਦੁਆਰਾ ਸਾਹਿਬ ਮੰਨਣ, P.O. ਅਲਵਰ (ਜਲੰਧਰ)



www.AKJ.Org

## 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਸੱਤ ਮੈਂਬਰਾਂ ਵਲੋਂ ਸੌ ਸੌ ਰੁਪਏ ਅਤੇ ਇਕ ਮੈਂਬਰ ਸ: ਜਗਤਾਰ ਸਿੰਘ ਜੀ ਡਰਬੀ (U. K.) ਵਲੋਂ 650/- ਪੁੱਜੇ ਹਨ। ਹੇਠ ਲਿਖੇ ਅਨੁਸਾਰ ਬੈਂਕ ਵਿਚ ਐਫ਼ ਡੀਆਂ ਬਣਵਾ ਦਿਤੀਆਂ ਗਈਆਂ ਹਨ—

| | | | |
|---|---|---|---|
| 252. ਸ. ਅਮਰਜੀਤਸਿੰਘ s/o ਗਿ: ਸਵਰਨ ਸਿੰਘ ਜੀ | (ਚਿਟ ਨੰ: 3252) | 398708/696/77 | ਮਿਤੀ 26-5-77 |
| 253. ਜਥੇਦਾਰ ਅਜਮੇਰ ਸਿੰਘ ਜੀ | ( ,, 3253) | 398709/697/77 | ,, |
| 254. ਸ. ਜਗਤਾਰ ਸਿੰਘ ਡਰਬੀ (U. K.) | ( ,, 2172) | 398710/698/77 | ,, |
| 255. ਸ. ਮੋਹਨ ਸਿੰਘ ਸਿਪਾਹੀ (Retd.) | ( ,, 3255) | 398711/699/77 | ,, |
| 256. ਸ. ਜੋਗਿੰਦਰ ਸਿੰਘ ਅਰੋੜਾ Asst. Engr | ( ,, 3256) | 398712/700/77 | ,, |
| 257. ਸ. ਬਚਨ ਸਿੰਘ ਜੀ | ( ,, 3257) | 398713/701/77 | ,, |
| 258. ਸ. ਹਰਬਖ਼ਸ਼ ਸਿੰਘ Retd. Teacher | ( ,, 3258) | 398714/702/77 | ,, |
| 259. ਸ. ਮਨੋਹਰ ਸਿੰਘ ਜੀ ਚੁੱਗਾ | ( ,, 3259) | 398716/704/77 | ,, |

## ਸ੍ਰੀ ਅੰਮ੍ਰਿਤਸਰ ੪੦੦ ਸਾਲਾ ਸਥਾਪਨਾ ਦਿਵਸ ਜੂਨ ਦੀ ਥਾਂ ਅਕਤੂਬਰ ਵਿਚ

ਸਕੱਤਰ ਸਾਹਿਬ ਸ਼ਰੋਮਣੀ ਗੁ. ਪ੍ਰ: ਕਮੇਟੀ ਇਤਲਾਹ ਦਿੰਦੇ ਹਨ ਕਿ ਸ੍ਰੀ ਅੰਮ੍ਰਿਤਸਰ ਚਾਰ-ਸੌ-ਸਾਲਾ ਸਥਾਪਨਾ ਦਿਵਸ ੧੪ ਜੂਨ ਨੂੰ ਮਨਾਇਆ ਜਾਣਾ ਸੀ, ਪਰ ਉਨ੍ਹਾਂ ਦਿਨਾਂ ਵਿਚ ਭਾਰਤ ਦੇ ੧੨ ਸੂਬਿਆਂ ਦੀਆਂ ਅਸੈਂਬਲੀਆਂ ਦੀਆਂ ਚੋਣਾਂ ਹੋ ਰਹੀਆਂ ਹਨ, ਇਸ ਕਰਕੇ ਇਹ ਸਮਾਗਮ ਹੁਣ ਗੁਰੂ ਰਾਮਦਾਸ ਜੀਦੇ ਅਵਤਾਰ-ਦਿਹਾੜੇ ਦੇ ਨਾਲ ਹੀ ੨੭ ਤੋਂ ੩੦ ਅਕਤੂਬਰ ੧੯੭੭ ਨੂੰ ਮਨਾਇਆ ਜਾ ਰਿਹਾ ਹੈ। ਸੰਗਤਾਂ ਨੋਟ ਕਰ ਲੈਣ।

### *ਭਾਈ ਮਹਿੰਦਰ ਸਿੰਘ ਜੀ ਐਸ. ਡੀ. ਓ. ਦਾ ਨਵਾਂ ਪਤਾ*

ਭਾਈ ਮਹਿੰਦਰ ਸਿੰਘ ਜੀ ਗੁਰੂ ਕੇ ਕੀਰਤਨੀਏ ਦੀ ਤਬਦੀਲੀ ਪਟਿਆਲੇ ਹੋ ਗਈ ਹੈ। ਉਨ੍ਹਾਂ ਬਾਰੇ ਕੋਈ ਪੁਛ ਗਿਛ ਕਰਨੀ ਹੋਵੇ ਤਾਂ ਉਨ੍ਹਾਂ ਪਾਸੋਂ ਹੀ ਹੇਠ ਲਿਖੇ ਪਤੇ ਤੋਂ ਕਰੋ—

ਭਾਈ ਮਹਿੰਦਰ ਸਿੰਘ ਜੀ ਐਸ. ਡੀ. ਓ., ਬ੍ਰਿਜ ਇਨਵੈਸਟੀਗੇਸ਼ਨ
ਸਬ ਡਵੀਯਨ ਬੀ. ਐਂਡ ਆਰ, ਪਟਿਆਲਾ।

*ਗ੍ਰੰਥੀ ਸਿੰਘ ਦੀ ਲੋੜ* :-ਗੁਰਦੁਆਰਾ ਸਿੰਘ ਸਭਾ ਬਹਾਦਰਪੁਰ, ਹੁਸ਼ਿਆਰਪੁਰ ਦੀ ਸੇਵਾ ਲਈ ਇਕ ਤਿਆਰ - ਬਰ - ਤਿਆਰ, ਨਿਤਨੇਮੀ, ਕੀਰਤਨੀ, ਪਾਠੀ, ਗ੍ਰਿਹਸਤੀ ਸਿੰਘ ਦੀ ਲੋੜ ਹੈ। ਰਿਹਾਇਸ਼, ਪਾਣੀ ਬਿਜਲੀ, ਲੰਗਰ ਦੀ ਰਸਦ ਤੋਂ ਇਲਾਵਾ ਡੇਢ ਦੋ ਸੌ ਰੁਪਏ ਤਕ ਮਾਇਆ ਦੀ ਸੇਵਾ ਕੀਤੀ ਜਾਵੇਗੀ।

ਤੀਰਥ ਸਿੰਘ ਸਕੱਤਰ, ਗੁਰਦਵਾਰਾ ਸਿੰਘ ਸਭਾ, ਬਹਾਦਰਪੁਰ, ਨੇਵੇ ਮਹੱਲਾ ਮੋਰੀ, ਹੁਸ਼ਿਆਰਪੁਰ

www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ੯੯ਵੇਂ ਜਨਮ ਦਿਨ ਸਬੰਧੀ ਲੁਧਿਆਣਾ ਵਿਖੇ ੯-੧੦ ਜੁਲਾਈ ੧੯੭੭ ਨੂੰ ਗੁਰਮਤਿ ਸਮਾਗਮ

## *ਰੈਣ ਸਬਾਈ ਕੀਰਤਨ ਅਤੇ ਭਾਈ ਸਾਹਿਬ ਜੀ ਦੀ ੧੯੭੮ ਵਿਚ ਜਨਮ-ਸ਼ਤਾਬਦੀ ਮਨਾਉਣ ਸਬੰਧੀ ਭਾਰੀ ਕਨਵੈਨਸ਼ਨ*

ਸਰਬ ਹਿੰਦ ਅਖੰਡ ਕੀਰਤਨੀ ਜਥੇ ਦੀ ਮਨਸ਼ਾ ਅਨੁਸਾਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ੧੯੭੮ ਵਿਚ ਜਨਮ ਸ਼ਤਾਬਦੀ ਬੜੀ ਉੱਚ ਪੱਧਰ ਤੇ ਮਨਾਉਣ ਦੀ ਤਿਆਰੀ ਅਰੰਭਣ ਅਤੇ ਸਾਲ ਭਰ ਲਈ ਉਚੇਚੇ ਗੁਰਮਤਿ ਸਮਾਗਮਾਂ ਦੇ ਰਚਣ ਦੇ ਪ੍ਰੋਗਰਾਮ ਮਿਥਣ ਲਈ ੯ ਅਤੇ ੧੦ ਜੁਲਾਈ ੧੯੭੭ ਨੂੰ ਭਾਈ ਸਾਹਿਬ ਜੀ ਦੇ ੯੯ਵੇਂ ਜਨਮ-ਦਿਨ ਦੇ ਮੌਕੇ ਤੇ ਲੁਧਿਆਣਾ ਵਿਖੇ ਗੁਰਮਤਿ ਸਮਾਗਮ ਅਤੇ ਕਨਵੈਨਸ਼ਨ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਹੇ ਹਨ। ਸਰਬ ਸੰਗਤਾਂ ਅਤੇ ਅਖੰਡ ਕੀਰਤਨੀ ਜਥਿਆਂ ਦੀ ਸੇਵਾ ਵਿਚ ਦੋ ਕਰ ਜੋੜ ਬੇਨਤੀ ਹੈ ਕਿ ਇਸ ਸਮਾਗਮ ਵਿਚ ਜ਼ਰੂਰ ਸ਼ਾਮਲ ਹੋ ਕੇ ਕ੍ਰਿਤਾਰਥ ਕਰਨ। ਖ਼ਾਸ ਤੌਰ ਤੇ ਜੋਦੜੀ ਹੈ ਕਿ ਇਨ੍ਹਾਂ ਤ੍ਰੀਕਾਂ ਵਿਚ ਹੋਰ ਕੋਈ ਪ੍ਰੋਗਰਾਮ ਕਿਤੇ ਵੀ ਨਾ ਰਖਿਆ ਜਾਏ।

### *— ਪ੍ਰੋਗਰਾਮ —*

੯ ਜੁਲਾਈ ਸ਼ਨੀਵਾਰ ੭ ਵਜੇ ਸ਼ਾਮ ਸੋਦਰ ਉਪਰੰਤ ਕੀਰਤਨ ਰੈਣ ਸਬਾਈ
ਗੁ: ਸਿੰਘ ਸਭਾ ਮਾਡਲ ਟਾਊਨ ਵਿਖੇ

੧੦ ਜੁਲਾਈ ਐਤਵਾਰ ੭ ਵਜੇ ਸਵੇਰੇ ਸਮਾਪਤੀ ਕੀਰਤਨ ਰੈਣ ਸਬਾਈ
੧੦ ਵਜੇ ਦਿਨੇ ਅਰੰਭ ਕਨਵੈਨਸ਼ਨ ਪੰਜਾਬੀ ਖੇਤੀ ਬਾੜੀ ਯੂਨੀਵਰਸਿਟੀ ਵਿਖੇ

ਪ੍ਰਾਰਥਕ—
ਅਖੰਡ ਕੀਰਤਨੀ ਜੱਥਾ,
ਲੁਧਿਆਣਾ।

ਪੁੱਛ ਗਿੱਛ :—
੧੨੬-ਆਰ, ਮਾਡਲ ਟਾਊਨ
ਲੁਧਿਆਣਾ—੧੪੧੦੦੨

## *ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ*

| | | | | |
|---|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | | ੩-੦੦ | ਰੰਗਲੇ ਸਜਣ | ੪-੦੦ |
| ਗੁਰਮਤਿ ਸਚ ਨਿਰਣੈ | | ੬-੦੦ | ਗੁਰਮਤਿ ਬਿਬੇਕ | ੭-੫੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | | ੩-੦੦ | ਗੁਰਮਤਿ ਗੌਰਵਤਾ | ੭-੦੦ |
| ਗੁਰਮਤਿ ਰਮਜ਼ਾਂ | | ੧-੩੦ | ਦਰਸ਼ਨ ਝਲਕਾਂ | ੨-੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੪-੫੦ | ੬-੫੦ | ਅੰਮ੍ਰਿਤ ਕੀ ਹੈ ? | ੨-੦੦ |
| ਕੋ ਵਿਰਲਾ ਗੁਰਮਤਿ ਚਲੈ ਜੀਉ | | ੦-੨੦ | ਉਮਰ ਕੈਦੀ ਦਾ ਸੁਪਨਾ | ੦-੨੫ |
| ਸੱਚੀਅ ਦਾੜ੍ਹੀਆਂ | | ੦-੨੦ | ਚਰਨ ਕਮਲ ਕੀ ਮਉਜ | ੦-੭੫ |
| Dawn of Divine Wisdom | | 0-75 | ਅੰਮ੍ਰਿਤ ਕਲਾ | ੦-੪੦ |
| ਸਿਖ ਧਰਮ ਤੇ ਮਾਸ ਸ਼ਰਾਬ | | ਵਲੋਂ ਜੇ. ਪੀ. ਸੰਗਤ ਸਿੰਘ ਜੀ | ੩-੦੦ | |

ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org